# ਸਾਂਝੀ ਵਿਰਾਸਤ

ਅੰਕ 50 ਜਿਲਦ 5 1 ਫੱਗਣ 557 (12 ਫਰਵਰੀ 2026)







ਸਿੱਖ ਰਾਜ ਦੇ ਬਹਾਦਰ ਜਰਨੈਲ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੀ ਯਾਦ ਨੂੰ ਸਮਰਪਤ

## ਸਾਂਝੀ ਵਿਰਾਸਤ (Shared Heritage)

## ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ ਗੈਰ-ਸਿਆਸੀ ਮਾਸਿਕ ਮੈਗਜ਼ੀਨ

A monthly Non-political, Not-for-profit (Bilingual) On-line magazine of

**Punjabi Language, Culture, History and Heritage**

**Website: sanjhivirasat.org**

# ਵਿਸ਼ਾ ਸੂਚੀ (ਫਰਵਰੀ 2026 ਅੰਕ)


| | | | |
|---|---|---|---|
| 1. | ਸੰਪਾਦਕ ਵਲੋਂ | ਸੰਪਾਦਕ ਸਾਂਝੀ ਵਿਰਾਸਤ | 3 |
| 2. | ਸਜਣ ਮੇਰੇ ਰੰਗਲੇ | ਸ਼ੋਕ ਸਮਾਚਾਰ | 5 |
| 3. | ਡਾ. ਸੁਰਜੀਤ ਸਿੰਘ ਭੱਟੀ ਦੀ ਯਾਦ ਵਿੱਚ ਲਿਖਤੀ ਯੋਗਦਾਨ ਦੇਣ ਲਈ ਸੱਦਾ | ਸੰਪਾਦਕ | 6 |
| 4. | ਬਾਰਹ ਮਾਹਾ (ਤੁਖਾਰੀ) ਦਾ ਪਾਠ ਅਤੇ ਵਿਆਖਿਆ | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 7 |
| 5. | ਬਾਰਹ ਮਾਹਾ (ਮਾਝ) ਦਾ ਪਾਠ ਅਤੇ ਵਿਆਖਿਆ | ਸਰਦਾਰ ਕਰਮਜੀਤ ਸਿੰਘ ਨੂਰ | 8 |
| 6. | ਵਾਰਾਂ ਭਾਈ ਗੁਰਦਾਸ ਜੀ ਭਾਗ 2 | ਸ਼. ਜਸਵਿੰਦਰ ਸਿੰਘ ਰੁਪਾਲ | 10 |
| 7. | ਕੈਲੀਗ੍ਰਾਫੀ (calligraphy) | ਸ੍ਰੀ ਮਤੀ ਮਨਿੰਦਰ ਕੌਰ | 14 |
| 8. | 1705 ਤੋਂ 1708 ਤੱਕ ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸ | ਡਾ. ਦਵਿੰਦਰ ਕੌਰ ਧਾਲੀਵਾਲ | 15 |
| 9. | ਜਰਨੈਲ ਸ਼ਾਮ ਸਿੰਘ ਅਟਾਰੀਵਾਲਾ (1790- 1846) (10 ਫਰਵਰੀ ਨੂੰ ਬਰਸੀ ਦੇ ਮੌਕੇ ਤੇ) | ਡਾ. ਸਰਦਾਰ ਮਿਲਖਾ ਸਿੰਘ ਅਤੇ ਡਾ. ਸਰਦਾਰ ਕਾਬਲ ਸਿੰਘ | 20 |
| 10. | General Sham Singh Atariwala | Dr Devinder Pal Singh | 27 |
| 11. | ਜਰਨੈਲ ਬਾਬਾ ਬੰਦਾ ਸਿੰਘ ਬਹਾਦੁਰ (1670-1716) | ਸਰਦਾਰਨੀ ਗੁਰਨਾਮ ਕੌਰ | 28 |
| 12. | ਜਰਨੈਲ ਜੱਸਾ ਸਿੰਘ ਆਹਲੂਵਾਲੀਆ (1718-1183) | ਸਰਦਾਰਨੀ ਡਾ. ਕੁਲਵਿੰਦਰ ਕੌਰ ਮਿਨਹਾਸ | 32 |
| 13. | ਜਰਨੈਲ ਜੱਸਾ ਸਿੰਘ ਰਾਮਗੜ੍ਹੀਆ (1723-1803) | ਸਰਦਾਰ ਜਗਦੇਵ ਸਿੰਘ ਸਿੱਧੂ | 38 |
| 14. | ਜਰਨੈਲ ਅਕਾਲੀ ਫੂਲਾ ਸਿੰਘ (1761-1823) | ਸਰਦਾਰ ਜਸਵਿੰਦਰ ਸਿੰਘ ਰੁਪਾਲ | 42 |
| 15. | ਸ਼ੇਰੇ–ਪੰਜਾਬ ਮਹਾਰਾਜਾ ਰਣਜੀਤ ਸਿੰਘ | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 47 |
| 16. | Lion of the Frontier – Hari Singh Nalwa | Dr Devinder Pal Singh | 49 |
| 17. | ਜਰਨੈਲ ਹਰੀ ਸਿੰਘ ਨਲਵਾ (1791-1837) | ਸਰਦਾਰਨੀ ਡਾ. ਬਲਵਿੰਦਰ ਕੌਰ | 50 |
| 18. | ਮਹਾਰਾਣੀ ਚੰਦ ਕੌਰ (1802-1842) | ਡਾ. ਸਰਦਾਰ ਕਾਬਲ ਸਿੰਘ ਅਤੇ ਡਾ. ਸਰਦਾਰ ਮਿਲਖਾ ਸਿੰਘ | 53 |
| 19. | Information on new book (Walking with Sikhs of today by Dr. Sukhmander Singh) | ਅਨੁਵਾਦਕ ਸਰਦਾਰ ਜਸਵਿੰਦਰ ਸਿੰਘ ਰੁਪਾਲ | 57 |
| 20. | ਸ਼ੰਪਾਦਕ ਮੰਦਲ ਤੇ ਸਲਾਹਕਾਰ | | 58 |
| 21. | ਜਪੁਜੀ AI App | | 61 |

# ਜਰਨੈਲ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੀ ਬਰਸੀ ਤੇ ਵਿਸ਼ੇਸ਼ ਅੰਕ ਦੀ ਸੰਪਾਦਕੀ

ਮੂਲ ਨਾਨਕਸ਼ਾਹੀ (ਸੂਰਜੀ) ਕੈਲੰਡਰ ਅਨੁਸਾਰ 12 ਫਰਵਰੀ ਤੋਂ ਫੱਗਣ ਦਾ ਮਹੀਨਾ ਸ਼ੁਰੂ ਹੁੰਦਾ ਹੈ। ਫਰਵਰੀ ਵਿਚ ਹੀ ਵੱਡਾ ਘੱਲੂਘਾਰਾ ਹੋਇਆ ਸੀ। ਇਸ ਵਿਚ 10,000 ਤੋਂ ਵਧ ਨਿੱਹਥੇ ਸਿੱਖਾਂ ਦਾ ਅਹਿਮਦ ਸ਼ਾਹ ਦੁੱਰਾਨੀ ਦੀਆਂ ਅਫਗਾਨੀ ਫੌਜ ਵਲੋਂ ਕਤਲੇ-ਆਮ ਕੀਤਾ ਗਿਆ ਸੀ।

**21 ਫਰਵਰੀ ਨੂੰ "ਮਾਂ-ਬੋਲੀ ਦਿਵਸ"**

ਸੰਸਾਰ ਦੇ 150 ਦੇਸਾਂ ਵਿਚ 15 ਕਰੋੜ ਤੋਂ ਵੱਧ ਪੰਜਾਬੀ ਬੋਲਣ ਵਾਲਿਆਂ ਲਈ ਇਸ ਦੀ ਬਹੁਤ ਅਹਮੀਅਤ ਹੈ। ਇਹੋ ਸਾਨੂੰ ਗੁਰਬਾਣੀ, ਸਾਡੇ ਇਤਿਹਾਸ ਅਤੇ ਵਿਰਸੇ ਦਾ ਗਿਆਨ ਦਿੰਦੀ ਹੈ। ਗੁਰੂ ਨਾਨਕ ਦੇਵ ਯੁਨੀਵਰਸਿਟੀ, ਅਮ੍ਰਿਤਸਰ, ਨੇ ਅੱਗੇ ਤੋਂ ਸਾਰੀਆਂ Ph D Theses ਦਾ ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ ਵੀ ਕਰਨ ਦਾ ਫੈਸਲਾ ਕੀਤਾ ਹੈ। BBC ਮੁਤਾਬਕ University of Edinburgh ਵਲੋਂ *Royal Asiatic Society* ਦੇ 1851 ਦੇ ਰਿਕਾਰਡ ਤੋਂ ਗੁਰੂ ਗ੍ਰੰਥ ਸਾਹਿਬ ਦਾ ਹੱਥ ਲਿਖਿਆ ਸਰੂਪ ਮਿਲਿਆ ਹੈ ਜਿਸ ਨਾਲ ਗੁਰਬਾਣੀ ਦੀ ਹੋਰ ਜਾਣਕਾਰੀ ਮਿਲਣ ਦੀ ਆਸ ਹੈ। ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਪੰਜਾਬੀ ਬੋਲਦੇ ਅਮ੍ਰਿਤਧਾਰੀ ਗੁਰਸਿੱਖ ਵਿਦਿਆਰਥੀਆਂ ਦੀ ਪੜ੍ਹਾਈ ਦਾ ਸਾਰਾ ਖਰਚ ਕਰਨ ਦਾ ਸ਼ਲਾਘਾਯੋਗ ਫੈਸਲਾ ਵੀ ਕੀਤਾ ਹੈ।

**ਖਾਲਸਾ ਰਾਜ (1709 – 1749)**

ਇਹ ਅੰਕ ਵਿਚ ਉਨ੍ਹਾਂ ਸਿੱਖ ਜਰਨੈਲਾਂ ਦੀਆਂ ਬਹਾਦਰੀਆਂ ਦਾ ਵੇਰਵਾ ਹੈ ਜਿਨ੍ਹਾਂ ਨੇ ਇੱਕ ਨਿਆਂ-ਆਧਾਰਤ ਰਾਜ ਸਥਾਪਤ ਕਰਨ ਵਿਚ ਪਹਿਲ ਕੀਤੀ। ਕੁਛ ਹੋਰ ਅਜਿਹੇ ਲੇਖ ਮਾਰਚ ਦੇ ਅੰਕ ਵਿਚ ਸ਼ਾਮਲ ਕੀਤੇ ਜਾਣਗੇ ਜਿਨ੍ਹਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀਆਂ ਵਿਲੱਖਣਤਾ ਅਤੇ ਪਤਨ ਦੇ ਕਾਰਣ ਦੱਸੇ ਹਨ।

ਪਿਛੋਕੜ : ਸਿੱਖਾਂ ਨੂੰ ਦਲੇਰੀ ਨਾਲ ਜੀਣ ਦੀ ਸੇਧ ਸਾਰੇ ਗੁਰੂ ਸਾਹਿਬਾਨ ਤੋਂ ਹੀ ਮਿਲੀ ਸੀ। ਬਾਬਰ ਨੂੰ ਜਾਬਰ ਕਹਿਣ ਦੀ ਜੁਰੱਤ ਸਿਰਫ ਗੁਰੂ ਨਾਨਕ ਨੇ ਹੀ ਵਿਖਾਈ ਸੀ। ਬਾਅਦ ਵਿਚ ਹੋਰਨਾਂ ਦਾ ਵੀ ਬੜਾ ਯੋਗ ਮਿਲਦਾ ਗਿਆ।

ਬਾਬਾ ਬੁੱਢਾ ਜੀ (1506-1631) ਨੇ ਛੇਵੇਂ ਗੁਰੂ ਸਾਹਿਬ ਨੂੰ ਸ਼ਸਤਰ ਵਿੱਦਿਆ ਸਿਖਾਈ। ਗੁਰੂ ਹਰਿ ਗੋਬਿੰਦ ਸਾਹਿਬ ਨੇ ਮੁਗਲਾਂ ਦੇ ਜ਼ੁਲਮ ਰੋਕਣ ਲਈ ਸਿੱਖ ਫੌਜ ਤਿਆਰ ਕੀਤੀ। ਭਾਈ ਗੁਰਦਾਸ ਜੀ (1551-1636) ਨੇ ਗੁਰਮਤਿ ਅਨੁਸਾਰ ਆਦਰਸ਼ ਰਾਜ ਦਾ ਮਾਰਗ ਦਰਸਾਇਆ। ਉਨ੍ਹਾਂ ਲਿਖਿਆ ਕਿ ਰਾਜਿਆਂ ਦਾ ਆਪਸ ਵਿਚ ਜੰਗਾਂ ਦਵਾਰਾ ਆਪਣੇ ਇਲਾਕੇ ਦਾ ਵਿਸਤਾਰ ਕਰਨਾ ਹੀ ਕੋਈ ਮੁੱਖ ਜਾਂ ਲਾਹੇਵੰਦ ਕੰਮ ਨਹੀਂ। (ਰਾਜ ਕਮਾਂਵਦੇ ਪਾਤਿਸਾਹ ਖਹਿ ਮੁਏ ਸਭੇ ਹੀ)

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੀਆਂ ਥੋੜੀਆਂ ਫੌਜਾਂ ਨਾਲ ਮੁਗਲਾਂ ਦੀਆਂ ਆਪਣੇ ਤੋਂ ਵੱਡੀਆਂ ਫੌਜਾਂ ਨੂੰ ਜੰਗਾਂ ਵਿਚ ਹਰਾਇਆ। ਦਸਮੇਸ਼ ਪਿਤਾ ਦੇ ਵੱਡੇ ਦੋ ਸਾਹਿਬਜ਼ਾਦੇ ਧਰਮ ਦੀ ਰੱਖਿਆ ਲਈ ਜੰਗ ਵਿਚ ਬਹਾਦਰੀ ਨਾਲ ਸ਼ਹੀਦ ਹੋਏ। ਮਾਈ ਭਾਗੋ ਜੀ (1670-1720) ਨੇ ਸਵੈ-ਮਾਨ ਦੀ ਪ੍ਰੇਰਣਾ ਦਿੱਤੀ। ਸ਼ਹੀਦ ਬਾਬਾ ਦੀਪ ਸਿੰਘ ਜੀ (1682-1757) ਅਤੇ ਹੋਰ ਕਈ ਸੂਰਬੀਰਾਂ ਨੇ ਖਾਲਸਾ ਰਾਜ ਦੀਆਂ ਜੜਾਂ ਮਜ਼ਬੂਤ ਕੀਤੀਆਂ।

ਗੁਰੂ ਸਾਹਿਬਾਨ ਖੁਦ ਸੂਰਬੀਰ ਜੋਧੇ ਸਨ ਅਤੇ ਉਨ੍ਹਾਂ ਜੋਰ ਰਾਜਸੀ ਗੁਣਾਂ ਦੇ ਧਾਰਣੀ ਸਨ ਜੋ ਇੱਕ ਧਰਮੀ ਅਤੇ ਸਫਲ ਰਾਜੇ ਵਿਚ ਹੋਣੇ ਚਾਹੀਦੇ ਹਨ। ਬਹਾਦਰੀ ਦੇ ਨਾਲ ਗੁਰੂ ਸਾਹਿਬਾਨ ਨਿਮਰਤਾ ਦਾ ਹੋਣਾ ਵੀ ਜ਼ਰੂਰੀ ਦੱਸਦੇ ਹਨ। (ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ)। ਰਾਜੇ ਵੱਢੀ ਲੈਣ ਵਾਲੇ ਨਾ ਹੋਣ। (ਰਾਜਾ ਨਿਆਉ ਕਰੇ ਹਥਿ ਹੋਇ)। ਗੁਰਬਾਣੀ ਦੇ ਅਨੁਸਾਰ ਰਾਜੇ ਪਰਜਾ ਨੂੰ ਦੁਖ ਨਾ ਦੇਣ।

(ਤਉ ਕੜੀਐ ਜੇ **ਅਨਿਆਇ** ਕੋ ਮਰਤਾ॥ ਰੇ ਨ੍ਰਿਪ **ਨਿਆਇ ਸਦਾ ਕਰੀਓ** ਦੁਖੁ ਦੈ ਕੇ ਅਨਜਾਇ ਨ **ਅਨਾਥਹ** ਦੀਜੋ॥) ਇਹ ਗੁਣ ਸਿੱਖ ਜਰਨੈਲਾਂ ਨੂੰ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਤੋਂ ਮਿਲੇ ਸਨ।

ਜਿੱਤੇ ਹੋਏ ਇਲਾਕਿਆਂ ਵਿਚ ਹਰ ਧਰਮ ਨੂੰ ਮੰਨਣ ਵਾਲੇ ਲੋਕਾ ਨੂੰ ਨਿਆਂ ਦਿੱਤਾ। ਗਰੀਬਾਂ ਦੀ ਸਹਾਇਤਾ ਕੀਤੀ। ਗੁਰੂ ਸਾਹਿਬ ਦੇ ਦੱਸੇ ਮਾਰਗ ਅਨੁਸਾਰ ਕਦੀ ਕਿਤੇ ਲ਼ੁੱਟ-ਮਾਰ ਨਹੀਂ ਕੀਤੀ ਅਤੇ ਨਾ ਹੀ ਕਿਸੇ ਨੂੰ ਫਾਸੀ ਦਿੱਤੀ। ਹਲ ਵਾਹੁਣ ਵਾਲਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ।

ਇਹ ਇੱਕ "ਹਲੀਮੀ ਰਾਜ" ਦੀਆਂ ਨਿਸ਼ਾਨੀਆਂ ਸਨ। ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਸਿੱਖ ਰਾਜ ਦਾ ਉਹ ਜਰਨੈਲ ਸੀ ਜਿਸ ਥੰਮ ਦੇ ਡਿੱਗਣ ਤੋਂ ਬਾਅਦ ਅੰਗਰਜ਼ਾਂ ਨੇ ਪੰਜਾਬ ਤੇ ਆਪਣਾ ਰਾਜ ਕਾਇਮ ਕੀਤਾ।

ਪਾਠਕਾਂ ਦੀ ਸਹੂਲਤ ਲਈ ਪਿਛਲੇ ਅੰਕ ਦੇ ਕੁਝ ਲੇਖ ਇਸ ਪ੍ਰਕਾਰ ਹਨ।

**ਜਨਵਰੀ 2026 ਅੰਕ ਵਿਚ**

ਗਲੋਬਲ ਸਿੱਖ ਕੌਂਸਲ ਵਲੋਂ ਵੈਬੀਨਾਰ ਦੀ ਰਿਪੋਰਟ, ਬਾਬਾ ਦੀਪ ਸਿੰਘ ਦੀ ਸ਼ਹਾਦਤ, ਗੁਰੂ ਗੋਬਿੰਦ ਸਿੰਘ ਦੀਆਂ ਅਦੁਤੀ ਕੁਰਬਾਨੀਆਂ ਅਤੇ ਉਨ੍ਹਾਂ ਦੇ ਪਰਮਾਤਮਾ ਬਾਰੇ ਵਿਚਾਰ, Role of Sikhs in Indian National Army (INA), ਅਕਾਲ ਸੈਨਾ, ਅੰਤਰ-ਰਾਸ਼ਟ੍ਰੀ ਕਵੀ ਦਰਬਾਰ ਦੀ ਰਿਪੋਰਟ ਅਤੇ ਗੁਰੂ ਦਾ ਆਰਥਕ ਮਾਡਲ।

**Prof. (Dr) Surjit Singh Bhatti**
**ਮੁੱਖ ਸੰਪਾਦਕ, ਕੈਲਗਰੀ (ਕੈਨੇਡਾ)**
**surjitsinghbhatti@gmail.com**

# ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ



ਭਰੇ ਮਨ ਨਾਲ ਸਾਂਝੀ ਵਿਰਾਸਤ ਦੇ ਪਾਠਕਾਂ ਨਾਲ ਇਹ ਖਬਰ ਸਾਂਝੀ ਕਰ ਰਹੇ ਹਾਂ ਕਿ ਸਾਂਝੀ ਵਿਰਾਸਤ ਦਾ ਬੀਜ ਬੀਜਣ ਵਾਲੇ ਇਸ ਦੇ ਮੁੱਖ-ਸੰਪਾਦਕ, ਬਹੁਤ ਹੀ ਸਤਿਕਾਰਯੋਗ ਡਾਕਟਰ ਸੁਰਜੀਤ ਸਿੰਘ ਜੀ ਭੱਟੀ, 18 **ਫਰਬਰੀ** 2026 ਸਵੇਰੇ ਸਾਨੂੰ ਸਭ ਨੂੰ ਵਿਛੋੜਾ ਦੇ ਗਏ ਹਨ।

ਪ੍ਰੋਫੈਸਰ ਭੱਟੀ ਇੱਕ ਮਹਾਨ ਸਿੱਖਿਆ-ਸ਼ਾਸਤਰੀ ਵਿਗਿਆਨਕ ਅਤੇ ਗੁਰਸਿੱਖੀ ਸਿਧਾਂਤਾਂ ਨੂੰ ਪ੍ਰਣਾਏ ਗੁਰਸਿੱਖ ਵਿਦਵਾਨ ਸਨ। ਓਹਨਾਂ ਸਾਂਝੀ ਵਿਰਾਸਤ ਮੈਗਜ਼ੀਨ, ਕੈਲਗਰੀ ਈ-ਦੀਵਾਨ ਔਨਲਾਈਨ ਪ੍ਰੋਗਰਾਮ ਅਤੇ ਹੋਰ ਬਹੁਤ ਸਾਰੀਆਂ ਪਹਿਲਕਦਮੀਆਂ ਨੂੰ ਸਫਲ ਬਣਾਉਣ ਲਈ ਆਪਣੇ ਯਤਨ ਅਣਥੱਕ ਢੰਗ ਨਾਲ ਸਮਰਪਿਤ ਕੀਤੇ ਹਨ।

ਕੋਵਿਡ ਸਮੇਂ ਦੌਰਾਨ ਉਹਨਾਂ ਦੀ ਹੀ ਪ੍ਰੇਰਨਾ ਨਾਲ ਈ ਦੀਵਾਨ ਸੋਸਾਇਟੀ ਕੈਲਗਰੀ ਸਥਾਪਿਤ ਹੋਈ ਸੀ, ਜੋ ਅੱਜ ਤੱਕ ਗੁਰਮਤਿ ਨਾਲ ਸੰਬੰਧਿਤ ਪ੍ਰੋਗਰਾਮ ਕਰਦੀ ਆ ਰਹੀ ਹੈ। ਸੋਸਾਇਟੀ ਦੇ ਹੋਰ ਪ੍ਰੋਗਰਾਮਾਂ ਦੇ ਨਾਲ ਨਾਲ ਮੈਗਜ਼ੀਨ ਦਾ ਇਹ ਬੂਟਾ ਤਿੰਨ ਸਾਲ ਤੋਂ ਉਹਨਾਂ ਦੀ ਯੋਗ ਅਗਵਾਈ ਵਿੱਚ ਵਧ-ਫੁੱਲ ਰਿਹਾ ਸੀ, ਕਿ ਉਹਨਾਂ ਨੂੰ ਦਰਗਾਹੋਂ ਬੁਲਾਵਾ ਆ ਗਿਆ। ਉਹਨਾਂ ਦੀ ਪ੍ਰੇਰਨਾ ਸਦਕਾ ਬਹੁਤ ਵਧੀਆ ਸਿੱਖ ਲੇਖਕ ਅਤੇ ਪਾਠਕ ਮੈਗਜ਼ੀਨ ਨਾਲ ਜੁੜੇ ਹੋਏ ਹਨ। ਪਿਛਲੇ ਸਾਲ ਇੱਕ ਕਿਤਾਬ ਪ੍ਰਕਾਸ਼ਿਤ ਕੀਤੀ ਜਿਸ ਵਿੱਚ ਪ੍ਰਮੁੱਖ ਸਿੱਖ ਵਿਗਿਆਨੀਆਂ ਅਤੇ ਟੈਕਨੋਲੋਜਿਸਟਾਂ ਦੇ ਅਤਿ-ਆਧੁਨਿਕ ਯੋਗਦਾਨਾਂ ਨੂੰ ਉਜਾਗਰ ਕੀਤਾ ਸੀ। ।

ਫਰਵਰੀ 2026 ਦਾ ਇਹ ਅੰਕ ਉਹਨਾਂ ਨੇ ਆਪ ਹੀ ਤਿਆਰ ਕੀਤਾ ਸੀ। ਸਾਂਝੀ ਵਿਰਾਸਤ ਦਾ ਮਾਰਚ 2026 ਦਾ ਅੰਕ ਡਾਕਟਰ ਸੁਰਜੀਤ ਸਿੰਘ ਭੱਟੀ ਵਿਸ਼ੇਸ਼ ਅੰਕ ਰਹੇਗਾ। ਇਹੀ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਰਹੇਗੀ।

# ਪ੍ਰੋ. ਡਾ. ਸੁਰਜੀਤ ਸਿੰਘ ਜੀ ਭੱਟੀ ਦੀ ਯਾਦ ਵਿੱਚ ਲਿਖਤੀ ਯੋਗਦਾਨ ਦੇਣ ਲਈ ਸੱਦਾ

ਸਾਂਝੀ ਵਿਰਾਸਤ, ਔਨਲਾਈਨ ਮੈਗਜ਼ੀਨ ਜੋ ਡਾ. ਭੱਟੀ ਨੇ 2022 ਵਿੱਚ ਸਥਾਪਤ ਕੀਤੀ ਸੀ, ਦੀ ਸੰਪਾਦਕ ਮੰਡਲੀ ਵੱਲੋਂ ਮਾਰਚ ਅਤੇ – ਅਪ੍ਰੈਲ 2026 ਦੇ 'ਵਿਸ਼ੇਸ਼ ਸਮਰਪਿਤ ਅੰਕ' ਤਿਆਰ ਕੀਤੇ ਜਾ ਰਹੇ ਹਨ।

**ਆਪਣਾ ਯੋਗਦਾਨ March 31, 2026 ਤੱਕ** **info@sanjhivirasat.org** ਤੇ ਭੇਜੋ।

ਅਸੀਂ ਡਾ. ਭੱਟੀ ਜੀ ਦੇ ਪਰਿਵਾਰਕ ਮੈਂਬਰਾਂ, ਦੋਸਤਾਂ, ਸਹਿਕਰਮੀਆਂ, ਵਿਦਿਆਰਥੀਆਂ ਅਤੇ ਪ੍ਰਸ਼ੰਸਕਾਂ ਨੂੰ ਸਾਦਰ ਨਿਵੇਦਨ ਕਰਦੇ ਹਾਂ ਕਿ ਉਹ ਆਪਣੇ ਲੇਖਾਂ, ਯਾਦਾਂ ਜਾਂ ਵਿਚਾਰਾਂ ਰਾਹੀਂ ਉਨ੍ਹਾਂ ਦੀ ਜ਼ਿੰਦਗੀ ਅਤੇ ਉਨ੍ਹਾਂ ਦੇ ਸਦੀਵੀ ਪ੍ਰਭਾਵ ਨੂੰ ਸਾਂਝਾ ਕਰਨ।

ਤੁਸੀਂ ਆਪਣੇ ਲੇਖ ਜਾਂ ਵਿਚਾਰ ਵਿੱਚ ਇਹ ਵਿਸ਼ੇ ਸ਼ਾਮਲ ਕਰ ਸਕਦੇ ਹੋ:

- ਤੁਸੀਂ ਡਾ. ਭੱਟੀ ਨੂੰ ਕਿਵੇਂ ਜਾਣਦੇ ਸੀ
- ਉਨ੍ਹਾਂ ਨਾਲ ਜੁੜੀ ਕੋਈ ਖ਼ਾਸ ਯਾਦ ਜਾਂ ਸਿੱਖਿਆ
- ਉਹ ਸਿੱਖਿਆਕਾਰ, ਮਾਰਗਦਰਸ਼ਕ ਜਾਂ ਸਮਾਜਿਕ ਆਗੂ ਦੇ ਤੌਰ ਤੇ
- ਉਨ੍ਹਾਂ ਦੇ ਜੀਵਨ ਦੇ ਮੁੱਢਲੇ ਗੁਣ ਅਤੇ ਆਦਰਸ਼
- ਉਨ੍ਹਾਂ ਨੇ ਤੁਹਾਡੇ ਜੀਵਨ 'ਤੇ ਕਿਹੜਾ ਪ੍ਰਭਾਵ ਪਾਇਆ

ਤਸਵੀਰਾਂ ਵੀ ਭੇਜ ਸਕਦੇ ਹੋ (ਛੋਟੇ ਜਿਹੇ ਸ਼ੀਰਸ਼ਕ ਨਾਲ)। ਲੇਖ ਪੰਜਾਬੀ ਜਾਂ ਅੰਗਰੇਜ਼ੀ ਵਿੱਚ ਭੇਜੇ ਜਾ ਸਕਦੇ ਹਨ, ਆਦਰਸ਼ਕ ਲੰਬਾਈ 500–700 ਸ਼ਬਦਾਂ ਦੀ ਹੋਵੇ।

ਇਸ ਸਾਂਝੀ ਯਾਦਗਾਰੀ ਯਤਨ ਰਾਹੀਂ ਅਸੀਂ ਡਾ. ਭੱਟੀ ਜੀ ਦੀ ਵਿਰਾਸਤ ਨੂੰ ਮੌਜੂਦਾ ਤੇ ਭਵਿੱਖੀ ਪੀੜ੍ਹੀਆਂ ਲਈ ਸੰਭਾਲਣ ਅਤੇ ਸਾਂਝਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।

- ਡਾਕਟਰ ਬਲਰਾਜ ਸਿੰਘ, ਡਾਕਟਰ ਰਾਜਬੀਰ ਸਿੰਘ ਭੱਟੀ ਅਤੇ ਸਮੂਹ ਪਰਿਵਾਰ।
- ਈ ਦੀਵਾਨ ਸੋਸਾਇਟੀ ਕੈਲਗਰੀ ਦੇ ਸਮੂਹ ਮੈਂਬਰ ਫ਼ ਸਾਂਝੀ ਵਿਰਾਸਤ ਦਾ ਸੰਪਾਦਕੀ ਮੰਡਲ ।

# ਫੱਗਣ ਮਹੀਨੇ ਦਾ ਪਾਠ ਅਤੇ ਉਸ ਦੀ ਵਿਆਖਿਆ

## ਤੁਖਾਰੀ ਛੰਤ ਮਹਲਾ ੧ ਬਾਰਹਮਾਹਾ

### ੴ ਸਤਿਗੁਰ ਪ੍ਰਸਾਦਿ

ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ॥ ਦਿਨ ਰਹਸੁ ਭਇਆ ਆਪੁ ਗਵਾਇਆ॥ ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ॥ ਕਰਿ ਕਿਰਪਾ ਘਰਿ ਆਓ॥ ਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ॥ ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ॥ ਨਾਨਕ ਮੇਲਿ ਲਈ ਗੁਰਿ ਅਪਣੈ॥ ਘਰਿ ਵਰੁ ਪਾਇਆ ਨਾਰੀ॥੧੬॥ (ਅੰਗ 1109)

ਫ਼ੱਗਣ, ਫ਼ਾਗੁਨ ਜਾਂ ਫ਼ਲਗੁਣ ਨਾਨਕਸ਼ਾਹੀ ਸੰਮਤ ਦਾ ਆਖਰੀ ਮਹੀਨਾ ਹੈ। ਸਿਆਲ ਰੁਤਿ ਦੀ ਸਰਦੀ ਦੇ ਘੱਟਣ ਨਾਲ ਲੋਕ ਹੋਲੀਆਂ ਦੇ ਰੰਗ ਮਨਾਉਂਦੇ ਹਨ। ਪਰ ਗੁਰੂ ਪਿਆਰੇ ਭਗਤ ਫ਼ੱਗਣ ਦੇ ਮਹੀਨੇ ਰੂਪੀ ਮਨੁੱਖੀ ਜਨਮ ਦੀ ਸੱਚੀ ਖੁਸ਼ੀ "ਮਨੁ ਤਨੁ ਹੋਇ ਨਿਹਾਲੁ ਤੁਮ੍ ਸੰਗਿ ਭੇਟਿਆ" (ਅੰਗ-397) ਮਨਾਉਂਦੇ ਹਨ। ਭਗਤੀ ਦੁਆਰਾ ਜੀਵਨ ਦਾ ਫਲ ਮਨ ਦੀ ਪ੍ਰਸੰਨਤਾ ਹੈ। ਗੁਰਮਖ ਆਪਾ ਭੁਲਾਕੇ ਹਮੇਸ਼ਾ ਸਹਜ ਸੁਖ ਵਿਚ ਰਹਿੰਦਾ ਹੈ। ਵਾਹਿਗੁਰੂ ਉਸਦੇ ਮਨ ਤੋਂ ਮੋਹ ਦੀ ਮੈਲ ਲਾਹ ਦਿੰਦਾ ਹੈ। ਪ੍ਰਭੂ ਮਿਲਾਪ ਦੀ ਤਾਂਘ ਉਜਾਗਰ ਹੁੰਦੀ ਹੈ। ਜੋ ਜੀਵ ਅਖੌਤੀ ਧਰਮਿਕ ਪ੍ਰਪੰਚ ਕਰਦਾ ਹੈ ਉਸਨੂੰ ਪ੍ਰਭੂ ਮਿਲਾਪ ਦੀ ਸੱਚੀ ਖੁਸ਼ੀ ਨਹੀਂ ਮਿਲਦੀ। ਉਹ ਪ੍ਰਭੂ ਦੇ ਦਰ ਦੇ ਕਬੂਲ ਨਹੀ ਹੁੰਦਾ। ਪ੍ਰਭੂ ਪ੍ਰੇਮ ਦੇ ਸ਼ਿੰਗਾਰ ਵਿਚ ਸਰੀਰਕ ਸਜਾਵਟਾਂ ਹਾਰ, ਰੇਸ਼ਮੀ ਵਸਤਰ ਆਦਿ ਸਮਾ ਜਾਂਦੀਆਂ ਹਨ। ਗੁਰੂ ਦੀ ਕਿਰਪਾ ਦੁਆਰਾ ਜੀਵ ਇਸਤ੍ਰੀ ਨਿਜ ਘਰ ਵਿਚ ਪਹੁੰਚ ਜਾਂਦੀ ਹੈ।



ਪ੍ਰੋਫੈਸਰ ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ)

## ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪
**ੴ ਸਤਿਗੁਰ ਪ੍ਰਸਾਦਿ ॥**

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥
ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥
ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥
ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥
ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥
ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥
ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥
ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥
ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥

**ਭਾਵ ਅਰਥ**

ਫੱਗਣ ਦੇ ਮਹੀਨੇ ਨੂੰ ਆਧਾਰ ਬਣਾ ਕੇ ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਜੀ ਇਹ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ ਕਿ ਇਸ ਮਿੱਠੀ ਮਿੱਠੀ ਰੁੱਤ ਵਿਚ ਜਿਨ੍ਹਾਂ ਵੀ ਜੀਵਾਂ ਦੇ ਹਿਰਦਿਆਂ ਵਿਚ ਪ੍ਰਭੂ ਦੇ ਪਿਆਰੇ ਸੰਤ ਜਨਾਂ ਦੀ ਕਿਰਪਾ ਨਾਲ ਪ੍ਰਭੂ ਆਣ ਵਸਦਾ ਹੈ, ਉਨ੍ਹਾਂ ਨੂੰ ਆਤਮਕ ਆਨੰਦ ਮਿਲ ਜਾਂਦਾ ਹੈ, ਤੇ ਲੋਕ ਪਰਲੋਕ ਦੇ ਸਾਰੇ ਸੁਖ ਪ੍ਰਾਪਤ ਹੋ ਜਾਂਦੇ ਹਨ। ਅਤੇ ਉਹ ਭਵ ਸਾਗਰ ਤੋਂ ਤਰ ਜਾਂਦੇ ਹਨ। ਐਸੇ ਪ੍ਰਭੂ ਦੀ ਹੀ ਸਿਫ਼ਤਿ ਸਾਲਾਹ ਸਦਾ ਕਰਨੀ ਚਾਹੀਦੀ ਹੈ। ਕੋਈ ਹੋਰ ਉਸ ਵਰਗਾ ਨਹੀਂ ਹੋ ਸਕਦਾ ਅਤੇ ਉਹੋ ਮਨੁੱਖ ਦੀਆਂ ਸਾਰੀਆਂ ਇਛੱਾਵਾਂ ਪੂਰੀਆਂ ਕਰ ਸਕਦਾ ਹੈ।



ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ
ਜਲੰਧਰ (ਭਾਰਤ)

**ਫੱਗਣ ਮਹੀਨੇ ਦੇ ਪਾਠ ਦੀ ਕਾਵਿਕ ਵਿਆਖਿਆ**

ਫੱਗਣ ਮਹੀਨੇ ਵਿੱਚ ਆਉਂਦਾ ਹੈ ਅਨੰਦ ਉਹਨੂੰ,
ਹਿਰਦੇ ਚ ਜੀਹਨੇ ਹਰੀ ਸੱਜਣ ਵਸਾਇਆ ਹੈ।

ਪ੍ਰਭੂ ਦੇ ਪਿਆਰੇ ਜਨ ਹੁੰਦੇ ਨੇ ਸਹਾਈ ਜਿਨ੍ਹਾਂ,
ਕਿਰਪਾ ਦੇ ਨਾਲ, ਨਾਲ ਓਸ ਦੇ ਮਿਲਾਇਆ ਹੈ।

ਦੁੱਖਾਂ ਲਈ ਹੁਣ ਕੋਈ ਥਾਂ ਹੀ ਨਹੀਂ ਬਚੀ ਬਾਕੀ,
ਸੋਹਣੀ ਸੇਜ ਉੱਤੇ ਡੇਰਾ ਸੁੱਖਾ ਨੇ ਲਗਾਇਆ ਹੈ।

ਲੋਕ-ਪਰਲੋਕ ਦਿੰਦਾ ਓਸ ਦਾ ਸਵਾਰ ਹੈ।

ਜਨਮਾਂ ਦੀ ਦੌੜ ਜੀਵ ਆਤਮਾ ਦੀ ਮੁੱਕ ਜਾਂਦੀ,
ਕਰ ਦਿੰਦਾ ਉਹਨੂੰ ਭਵਸਾਗਰੋਂ ਵੀ ਪਾਰ ਹੈ।

ਜੀਭਾ ਇੱਕ ਨਾਨਕ ਦੀ ਗੁਣ ਨੇ ਅਨੇਕ ਉਹਦ।
ਚਰਨਾਂ 'ਚ ਓਸ ਦੇ ਜੋ ਪਈਏ, ਤਰ ਜਾਈਦਾ।

**ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪**

ਪੂਰੀ ਹੋਈ ਇੱਛਾ ਵਡਭਾਗੀ ਜੀਵ ਆਤਮਾ ਦੀ,
ਹਰੀ ਪਰਮਾਤਮਾ ਦਾ ਵਰ ਜੀਹਨੇ ਪਾਇਆ ਹੈ।
ਮਿਲ ਕੇ ਉਹ ਨਾਲ ਸਤਸੰਗਣਾ ਸਹੇਲੀਆਂ ਦੇ,
ਗੀਤ ਨੇ ਗੋਬਿੰਦ ਦੇ ਅਨੰਦ ਵਿੱਚ ਗਾਂਦੀਆ।
ਹਰੀ ਪਰਮਾਤਮਾ ਦੇ ਵਰਗਾ ਨਾ ਹੋਰ ਕੋਈ,
ਨਜ਼ਰਾਂ ਚ ਹੋਰ ਕੋਈ ਦੂਸਰਾ ਨਾ ਪਾਂਦੀਆਂ।
ਚਰਨਾ 'ਚ ਆਪਣੇ ਹੈ ਥਾਂ ਪੱਕੀ ਦੇ ਦਿੰਦਾ,

ਫੱਗਣ ਮਹੀਨੇ ਵਿੱਚ ਗਾਈਏ 'ਨੂਰ' ਜਸ ਓਹਦਾ, ਲਾਲਚ ਨਹੀਂ ਹੈ ਜਿਹਨੂੰ ਕਿਸੇ ਵਡਿਆਈ ਦਾ।

# ਵਾਰਾਂ ਭਾਈ ਗੁਰਦਾਸ ਜੀ ਭਾਗ 2

## ਜਸਵਿੰਦਰ ਸਿੰਘ ਰੁਪਾਲ (9814715796)

**ਵਾਰ ੧ ਪਉੜੀ 2 (ਜਗਦੁਤਪਤੀ):--**

ਮੂਲ ਪਾਠ

ਪ੍ਰਿਥਮੈ ਸਾਸ ਨ ਮਾਸ ਸਨ ਅੰਧ ਧੁੰਧ ਕਛੁ ਖਬਰ ਨ ਪਾਈ ।
ਰਕਤਬਿੰਦ ਕੀ ਦੇਹ ਰਚਿ ਪਾਂਚ ਤਤ ਕੀ ਜੜਤ ਜੜਾਈ ।
ਪਉਣ ਪਾਣੀ ਬੈਸੰਤਰੋ ਚਉਥੀ ਧਰਤੀ ਸੰਗਿ ਮਿਲਾਈ ।
ਪੰਚਮਿ ਵਿਚਿ ਆਕਾਸ ਕਰਿ ਕਰਤਾ ਛਟਮੁ ਅਦਿਸਟ ਸਮਾਈ।
ਪੰਚ ਤਤ ਪੰਚੀਸਿ ਗੁਣਿ ਸਤ੍ਰ ਮਿਤ੍ਰ ਮਿਲਿ ਦੇਹਿ ਬਣਾਈ ।
ਖਾਣੀ ਬਾਣੀ ਚਲਿਤੁ ਕਰਿ ਆਵਾਗਉਣੁ ਚਰਿਤ੍ਰ ਦਿਖਾਈ ।
ਚਉਰਾਸੀਹ ਲਖ ਜੋਨਿ ਉਪਾਈ ॥ ੨॥

**ਸਰਲ ਅਰਥ:**

ਪਹਿਲਾਂ ਪਹਿਲ ਜਦੋਂ ਸਾਹ ਅਤੇ ਮਾਸ ਕੁਝ ਵੀ ਨਹੀਂ ਸੀ ਤਦੋਂ ਹਨੇਰ ਘੁੰਮ ਘੇਰ ਸੀ। ਕੁਝ ਸੋਝੀ ਨਹੀਂ ਸੀ ਪੈਂਦੀ। ਪ੍ਰਭੂ ਨੇ ਮਾਤਾ ਦੇ ਲਹੂ ਅਤੇ ਪਿਤਾ ਦੇ ਬੀਰਜ ਤੋਂ ਦੇਹ ਬਣਾ ਕੇ ਤੱਤਾਂ ਨਾਲ ਜੜਤ ਕਰ ਦਿੱਤੀ। ਹਵਾ, ਪਾਣੀ, ਅੱਗ ਅਤੇ ਚੌਥੀ ਧਰਤੀ ਮਿਲਾ ਦਿੱਤੀ। ਪੰਜਵਾਂ ਵਿਚ ਆਕਾਸ਼ ਕਰਕੇ ਛੇਵਾਂ ਪ੍ਰਭੂ ਆਪ ਗੁਪਤ ਰੂਪ ਹੋ ਕੇ ਹਿਰਦੇ ਵਿੱਚ ਬੈਠ ਗਿਆ। ਪੰਜ ਤੱਤ ਅਤੇ ਪੰਜ਼ੀ ਗੁਣ ਜਿਹੜੇ ਆਪਸ ਵਿੱਚ ਦੁਸ਼ਮਣ ਸਨ, ਮਿਲਾ ਕੇ ਮਿੱਤਰ ਬਣਾ ਕੇ ਦੇਹੀ ਬਣਾ ਦਿੱਤੀ।, ਖਾਣੀਆਂ ਅਤੇ ਬਾਣੀਆਂ ਬਣਾ ਕੇ ਆਵਾਗਉਣ ਦਾ ਚਰਿੱਤਰ ਦਿਖਾਇਆ। ਇਸ ਤਰਾਂ ਚੌਰਾਸੀ ਲੱਖ ਜੂਨਾਂ ਸਿਰਜ ਦਿੱਤੀਆਂ।

**ਇਸ ਤੇ ਵਿਚਾਰ**:

ਭਾਈ ਗੁਰਦਾਸ ਜੀ ਸ਼੍ਰਿਸ਼ਟੀ ਸਾਜਣ ਬਾਰੇ ਦੱਸਦੇ ਹਨ ਕਿ ਕਿਵੇਂ ਪਹਿਲਾਂ ਇੱਥੇ ਕੁਝ ਵੀ ਨਹੀਂ ਸੀ। ਧੁੰਧੂਕਾਰਾ ਸੀ। ਤਦ ਪ੍ਰਭੂ ਨੇ ਰਕਤ-ਬਿੰਦ ਤੋਂ ਬਣੇ ਸਰੀਰ ਵਿੱਚ ਪੰਜ ਤੱਤਾਂ ਦਾ ਅਨੋਖਾ ਮੇਲ ਕਰ ਦਿੱਤਾ । ਇਹ ਤੱਤ (ਜਿਵੇ ਪਾਣੀ ਅਤੇ ਅੱਗ )ਆਪਾ ਵਿਰੋਧੀ ਹਨ, ਤਦ ਹੀ ਸ਼ਤਰੂ ਆਖਿਆ ਹੈ, ਪਰ ਮਨੁੱਖੀ ਸਰੀਰ ਵਿੱਚ ਸਾਰੇ ਦੋਸਤਾਂ ਵਾਂਗ ਵਿਚਰਦੇ ਹਨ। ਪਰਮਾਤਮਾ ਆਪ ਵੀ ਹਰ ਸਰੀਰ ਵਿੱਚ ਛੁਪਿਆ ਬੈਠਾ ਹੈ। ਪੰਜ ਤੱਤਾਂ ਵਿੱਚੋਂ ਹਰੇਕ ਦੇ ਅੱਗੇ 5-5 ਗੁਣ ਹਨ, ਇਸ ਤਰਾਂ ਕੁੱਲ 25 ਗੁਣ ਹੋ ਗਏ। ਇਹ ਗੁਣ ਇਸ ਤਰਾਂ ਹਨ-

ਧਰਤੀ - ਹੱਡ, ਮਾਸ, ਨਖ, ਤੁਚਾ, ਰੋਮ ।

ਪਾਣੀ- ਵੀਰਜ, ਲਹੂ, ਮਿੰਝ, ਮਲ, ਮੂਤਰ ।

ਅਗਨੀ - ਨੀਂਦ, ਭੁੱਖ, ਪਿਆਸ, ਪਸੀਨਾ, ਆਲਸ ।

ਹਵਾ- ਧਾਰਣ, ਚਾਲਨ, ਸੁੱਟਣ, ਸਮੇਟਣ, ਫੈਲਾਉਣ ।

ਆਕਾਸ਼ - ਕਾਮ, ਕ੍ਰੋਧ, ਲੋਭ , ਮੋਹ ,ਹੰਕਾਰ। ਪੁਰਾਤਨ ਸੰਸਕ੍ਰਿਤੀ ਵਿੱਚ ਚਾਰ ਖਾਣੀਆਂ ਅਤੇ ਚਾਰ ਬਾਣੀਆਂ ਦਾ ਜਿਕਰ ਆਉਂਦਾ ਹੈ। ਚਾਰ ਖਾਣੀਆਂ ਅੰਡਜ (ਅੰਡੇ ਤੋਂ ਪੈਦਾ ਹੋਣ ਵਾਲੇ ਪੰਛੀ ਆਦਿ), ਜੇਰਜ( ਜੇਰ ਤੋਂ ਪੈਦਾ ਹੋਣ ਵਾਲੇ ਮਨੁੱਖ ਪਸ਼ੂ ਆਦਿ), ਸੇਤਜ (ਪਸੀਨੇ ਤੋਂ ਪੈਦਾ ਹੋਣ ਵਾਲੇ ਜੂੰਆਂ ਲੀਖਾਂ ਆਦਿ) ਅਤੇ ਉਤਭੁਜ (ਜਮੀਨ ਪਾੜ ਕੇ ਬਾਹਰ ਨਿਕਲਣ ਵਾਲੇ ਬ੍ਰਿਛ ਆਦਿ) ਹਨ। ਚਾਰ ਬਾਣੀਆਂ ਪਰਾ (ਜਿਹੜੀ ਨਾਭੀ ਵਿਚ ਫੁਰਨਾ ਰੂਪ ਹੋ ਕੇ ਫੁਰਦੀ ਹੈ), ਪਸੰਤੀ(ਨਾਭੀ ਵਿਚੋਂ ਉਠ ਕੇ ਹਿਰਦੇ ਵਿਚੋਂ ਧੁਨੀ ਰੂਪ ਹੋ ਕੇ ਸ਼ਬਦਾਂ ਦੀ ਆਵਾਜ ਆਉਂਦੀ ਹੈ), ਮੱਧਮਾ (ਹਿਰਦੇ ਚੋਂ ਕੰਠ ਵਿਚ ਆਇਆ ਸ਼ਬਦ ਅਜਪਾ ਜਾਪ)ਅਤੇ ਬੈਖਰੀ(ਮੁੱਖ ਵਿਚੋਂ ਉਚਾਰਣ ਹੋਇਆ ਸ਼ਬਦ)ਹਨ । ਉਪਰੰਤ ਪ੍ਰਭੂ ਨੇ ਆਵਾਗਉਣ ਯਾਨੀ ਜੰਮਣ ਮਰਨ ਦੀ ਖੇਡ ਰਚਾ ਦਿੱਤੀ। ਅਤੇ ਇਸ ਤਰਾਂ ਉਸਨੇ ਚੁਰਾਸੀ ਲੱਖ ਜੂਨਾਂ ਪੈਦਾ ਕਰ ਦਿੱਤੀਆਂ।

ਗੁਰਬਾਣੀ ਹਵਾਲੇ :- ਅਸੀਂ ਉਹ ਗੁਰਬਾਣੀ ਫੁਰਮਾਨ ਦੇਖਦੇ ਹਾਂ ਜਿਹਨਾਂ ਵਿੱਚ ਭਾਈ ਸਾਹਿਬ ਦੁਆਰਾ ਦੱਸੀ ਹੋਈ ਗੱਲ ਹੀ ਆਖੀ ਗਈ ਹੈ। ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਭਾਈ ਗੁਰਦਾਸ ਜੀ ਨੇ ਗੁਰਬਾਣੀ ਦੀ ਹੀ ਵਿਆਖਿਆ ਕੀਤੀ ਹੈ।

*ਕੇਤੇ ਜੁਗ ਵਰਤੇ ਗੁਬਾਰੈ ।। ਤਾੜੀ ਲਾਈ ਅਪਰ ਅਪਾਰੇ ।।

ਧੁੰਧੂਕਾਰਿ ਨਿਰਾਲਮੁ ਬੈਠਾ ਨਾ ਤਦਿ ਧੰਧੁ ਪਸਾਰਾ ਹੇ।।.(ਪੰਨਾ ੧੦੨੬, ਮਾਰੂ ਮਹਲਾ ੧)

* ਅਰਬਦ ਨਰਬਦ ਧੁੰਧੂਕਾਰਾ।। ਧਰਣਿ ਨ ਗਗਨਾ ਹੁਕਮਿ ਅਪਾਰਾ ।।.(ਪੰਨਾ ੧੦੩੫, ਮਾਰੂ ਮਹਲਾ ੧)

* ਪੰਚ ਤਤੁ ਮਿਲਿ ਕਾਇਆ ਕੀਨੀ ਤਤੁ ਕਹਾ ਤੇ ਕੀਨੁ ਰੇ ।।.(ਪੰਨਾ ੮੭੦, ਗੋਂਡ)

* ਪੰਚ ਤਤੁ ਮਿਲਿ ਕਾਇਆ ਕੀਨੀ।।
ਤਿਸ ਮਹਿ ਰਾਮ ਰਤਨੁ ਲੈ ਚੀਨੀ ।।.(ਪੰਨਾ ੧੦੩੦, ਮਾਰੂ ਮਹਲਾ ੧)

* ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ ।।
ਤਿਨ ਮਹਿ ਪੰਚ ਤਤੁ ਘਰਿ ਵਾਸਾ ।।.(ਪੰਨਾ ੧੦੩੧, ਮਾਰੂ ਮਹਲਾ ੧)

* ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਮਲ ਮਾਇਆ ।।(ਪੰਨਾ ੧੧੬੧)

ਭੈਰਉ ਬਾਣੀ ਭਗਤਾ ਕੀ।। ਕਬੀਰ ਜੀਉ।।ਘਰੁ ੧

* ਚਚੈ ਚਾਰਿ ਵੇਦ ਜਿਨਿ ਸਾਜੇ ਚਾਰੇ ਖਾਣੀ ਚਾਰਿ ਜੁਗਾ ॥(ਪੰਨਾ ੪੩੨, ਰਾਗੁ ਆਸਾ ਮਹਲਾ ੧ ਪਟੀ ਲਿਖੀ)

* ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥(ਪੰਨਾ ੭, ਜਪੁ)

* ਲਖ ਚਉਰਾਸੀਹ ਜੀਅ ਉਪਾਏ ॥(ਪੰਨਾ ੧੧੧,ਮਾਝ ਮਹਲਾ ੩)

ਪੁਰਾਤਨ ਭਾਰਤੀ ਸੰਸਕ੍ਰਿਤੀ ਬਨਾਮ ਗੁਰਮਤਿ :- ਪੁਰਾਤਨ ਭਾਰਤੀ ਸੰਸਕ੍ਰਿਤੀ ਪੰਜ ਤੱਤਾਂ ਦੇ ਗੁਣ ਦੱਸਦਿਆਂ ਆਕਾਸ਼ ਦੇ ਗੁਣਾਂ ਵਿੱਚ ਹੰਕਾਰ ਦੀ ਥਾਂ ਲੱਜਾ ਨੂੰ ਮੰਨਦੀ ਹੈ। ਪਰ ਗੁਰਮਤਿ ਪੰਜ ਵਿਕਾਰਾਂ ਦੀ ਹੀ ਗੱਲ ਕਰਦੀ ਹੈ। ਇਸੇ ਤਰਾਂ ਪੁਰਾਤਨ ਸੰਸਕ੍ਰਿਤੀ ਚਾਰ ਖਾਣੀਆਂ ਅਤੇ ਚਾਰ ਬਾਣੀਆਂ ਦਾ ਜਿਕਰ ਕਰਦੀ ਹੈ। ਗੁਰਬਾਣੀ ਵਿੱਚ ਪੁਰਾਤਨ ਹਵਾਲੇ ਦਿੰਦਿਆਂ ਕਈ ਵਾਰੀ ਚਾਰ ਖਾਣੀਆਂ ਅਤੇ ਚਾਰ ਬਾਣੀਆਂ ਦਾ ਵੀ ਜ਼ਿਕਰ ਕੀਤਾ ਹੈ, ਪਰ ਗੁਰਮਤਿ ਦਾ ਦ੍ਰਿਸ਼ਟੀਕੋਣ ਬਹੁਤ ਵਿਸ਼ਾਲ ਹੈ। ਗੁਰੂ ਨਾਨਕ ਦੇਵ ਜੀ ਜਪੁਜੀ ਵਿੱਚ ਹੀ ਖਾਣੀਆਂ ਬਾਣੀਆਂ ਦੀ ਅਨੇਕਤਾ ਦੀ ਗੱਲ ਕਰਕੇ ਕਰਤੇ ਦੀ ਵਿਸ਼ਾਲ ਦ੍ਰਿਸ਼ਟੀ ਨੂੰ ਦਰਸਾਉਂਦੇ ਹਨ।

* ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥(ਪੰਨਾ ੭, ਜਪੁ)

ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਬੇਸ਼ੱਕ 84 ਲੱਖ ਜੂਨਾਂ ਦਾ ਜਿਕਰ ਆਇਆ ਹੈ ਪਰ ਇਹ ਕੋਈ ਨਿਸ਼ਚਿਤ ਗਣਿਤਕ ਅੰਕੜਾ ਨਹੀਂ ਹੈ। ਬਹੁਤੇ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਇਹ ਸ਼ਬਦ ਇੱਕ ਬਹੁਤ ਵੱਡੀ ਗਿਣਤੀ ਨੂੰ ਪ੍ਰਗਟ ਕਰਨ ਲਈ ਵਰਤਿਆ ਗਿਆ ਹੈ। ਭਾਵੇਂ ਭਾਈ ਕਾਹਨ ਸਿੰਘ ਨਾਭਾ ਜੀਂ ਨੇ ਇਸ ਨੂੰ ਅੰਕੜੇ ਰੂਪ ਵਿੱਚ ਵੀ ਲਿਖਿਆ ਹੈ ਜਿਥੇ ਉਹ ਵੱਖ ਵੱਖ ਜਾਤੀਆਂ ਦੀ ਗਿਣਤੀ ਦੱਸ ਕੇ ਜੋੜ 84 ਲੱਖ ਬਣਾਉਂਦੇ ਹਨ। ਇਹ ਗਿਣਤੀ ਵੱਖ ਵੱਖ ਧਰਮਾਂ ਅਤੇ ਪੁਰਾਤਨ ਗ੍ਰੰਥਾਂ ਅਨੁਸਾਰ ਅਲੱਗ ਅਲੱਗ ਦੱਸੀ ਗਈ ਹੈ। ਗੁਰਬਾਣੀ ਵਿੱਚ ਵੀ ਅਤੇ ਭਾਈ ਗੁਰਦਾਸ ਜੀ ਨੇ ਵੀ ਪ੍ਰਚਲਿਤ ਵਿਸ਼ਵਾਸਾਂ ਦਾ ਜਿਕਰ ਕੀਤਾ ਹੈ। ਉਂਝ ਗੁਰੂ ਸਾਹਿਬ ਅਨੁਸਾਰ ਕਾਦਰ ਦੀ ਸਾਜੀ ਕੁਦਰਤ ਦਾ ਭੇਦ ਨਹੀਂ ਪਾਇਆ ਜਾ ਸਕਦਾ। ਉਹ ਤਾਂ ਕੋਟਿ ਸ਼ਬਦ ਵੀ ਵਰਤਦੇ ਹਨ । ਗੁਰੂ ਸਾਹਿਬ ਤਾਂ ਆਪਣਾ ਨਿਰਣਾ ਇਸਤਰਾਂ ਦਿੰਦੇ ਹਨ-

ਉਸਤਤਿ ਕਰਹਿ ਅਨੇਕ ਜਨ ਅੰਤੁ ਨ ਪਾਰਾਵਾਰ ॥


ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ॥( ਪੰਨਾ ੨੭੫, ਗਉੜੀ ਸੁਖਮਨੀ ਮ:੫)

ਵਿਗਿਆਨਕ ਨਜ਼ਰੀਆ :- ਮਾਤਾ ਦੇ ਲਹੂ ਅਤੇ ਪਿਤਾ ਦੇ ਵੀਰਜ ਤੋਂ ਬੱਚੇ ਦਾ ਜਨਮ ਹੋਣਾ ਵਿਗਿਆਨ ਅਨੁਸਾਰ ਹੀ ਹੈ। ਵਿਗਿਆਨਕ ਪੱਖ

ਤੋਂ ਦੇਖੀਏ ,ਤਾਂ ਇਹ ਵੀ ਸਿੱਧ ਹੁੰਦਾ ਹੈ ਕਿ ਉਪਰੋਕਤ ਵਰਣਨ ਕੀਤੇ ਪੰਜ ਤੱਤਾਂ ਤੋਂ ਬਿਨਾਂ ਜੀਵਨ ਸੰਭਵ ਨਹੀਂ ਹੈ। ਹਵਾ (ਆਕਸੀਜਨ), ਪਾਣੀ ਅਤੇ ਧਰਤੀ(ਕਾਰਬਨ ਅਤੇ ਹੋਰ ਤੱਤ) ਜੀਵਨ ਦੇ ਆਧਾਰ ਹਨ। ਅੱਗ(ਐਨਰਜੀ) ਅਤੇ ਆਕਾਸ਼(ਖਲਾਅ)ਵੀ ਜੀਵਨ ਕਿਰਿਆਵਾਂ ਲਈ ਜਰੂਰੀ ਹਨ। ਮਨੁੱਖੀ ਕੋਸ਼ਿਕਾਵਾਂ, ਤਨ ਅਤੇ ਦਿਮਾਗ ਲਈ ਆਕਸੀਜਨ ਲਾਜ਼ਮੀ ਹੈ। ਆਕਸੀਜਨ ਤੋਂ ਬਿਨਾਂ ਮਨੁੱਖ ਕੁਝ ਮਿੰਟਾਂ ਵਿੱਚ ਹੀ ਖਤਮ ਹੋ ਜਾਂਦਾ ਹੈ। ਮਨੁੱਖੀ ਸਰੀਰ ਵਿੱਚ 60% ਤੋਂ ਵੱਧ ਪਾਣੀ ਹੈ ਅਤੇ ਪਾਣੀ ਤੋਂ ਬਿਨਾਂ ਉਹ 3-5 ਦਿਨ ਤੋਂ ਵੱਧ ਜਿਊਂਦਾ ਵੀ ਨਹੀਂ ਰਹਿ ਸਕਦਾ। ਧਰਤੀ ਦੇ ਤੱਤ ਲੋਹਾ, ਕੈਲਸ਼ੀਅਮ,ਸੋਡੀਅਮ ਅਤੇ ਕਾਰਬਨ ਮਨੁੱਖੀ ਸਰੀਰ ਦੀ ਬਣਾਵਟ ਲਈ ਵੀ ਅਤੇ ਜੀਵਨ ਕਿਰਿਆਵਾਂ ਲਈ ਵੀ ਲੋੜੀਂਦੇ ਹਨ। ਸਰੀਰ ਦੀ ਹਰ ਕੋਸ਼ਿਕਾ ਨੂੰ ਢਾਹੂ ਉਸਾਰੂ ਕਿਰਿਆਵਾਂ ਲਈ ਊਰਜਾ ਦੀ ਲੋੜ ਹੈ।ਊਰਜਾ (ਅੱਗ) ਬਿਨਾਂ ਖ਼ੂਨ, ਕੋਸ਼ਿਕਾਵਾਂ ਅਤੇ ਜੀਵਨ ਪ੍ਰਕਿਰਿਆਵਾਂ ਸੰਭਵ ਹੀ ਨਹੀਂ। ਸਰੀਰ ਚ ਖਾਲੀ ਥਾਵਾਂ (ਅਕਾਸ਼) ਫੇਫੜਿਆਂ, ਵੱਖ ਵੱਖ ਸੈੱਲਾਂ ਵਿਚ ਹੁੰਦੀਆਂ ਹਨ। ਅਣੂ ਅਤੇ ਪੋਸ਼ਕ ਪਦਾਰਥਾਂ ਦੀ ਗਤੀ ਵੀ ਖਾਲੀ ਸਥਾਨ ਕਰਕੇ ਹੀ ਸੰਭਵ ਹੋ ਸਕਦੀ ਹੈ। ਇਸ ਤਰਾਂ ਅਸੀਂ ਦੇਖਦੇ ਹਾਂ ਕਿ ਕਿਸੇ ਇੱਕ ਤੱਤ ਦੀ ਵੀ ਗੈਰਹਾਜ਼ਰੀ ਹੋਵੇ, ਤਾਂ ਮਨੁੱਖੀ ਜੀਵਨ ਬਾਰੇ ਸੋਚਿਆ ਨਹੀਂ ਜਾ ਸਕਦਾ।

ਜਿਸ ਨੂੰ ਧਾਰਮਿਕ ਲੋਕ ਜੂਨਾਂ ਆਖਦੇ ਹਨ ,ਉਸ ਨੂੰ ਵਿਗਿਆਨ ਜਾਤੀਆਂ ਜਾਂ ਸਪੀਸੀਜ਼ ਆਖਦਾ ਹੈ। ਵਿਗਿਆਨ ਅਨੁਸਾਰ ਇਹ ਜਾਤੀਆਂ ਦੀ ਗਿਣਤੀ ਘਟਦੀ ਵਧਦੀ ਰਹਿੰਦੀ ਹੈ। ਭਾਵੇ ਅੱਜ 10-12 ਲੱਖ ਦੇ ਕਰੀਬ ਪ੍ਰਜਾਤੀਆਂ ਵਿਗਿਆਨ ਦੱਸਦੀ ਹੈ ਪਰ ਇਹ ਗਿਣਤੀ ਪੱਕੀ ਨਹੀਂ। ਬਹੁਤ ਸਾਰੀਆਂ ਜਾਤੀਆਂ ਦੀ ਖੋਜ ਹੋਣੀ ਬਾਕੀ ਹੈ, ਅਜਿਹਾ ਵਿਗਿਆਨ ਦਾ ਮੰਨਣਾ ਹੈ। ਇਸਤਰਾਂ ਵਿਗਿਆਨ ਵੀ ਬਹੁਤ ਸਾਰੀਆਂ ਜਾਤੀਆਂ ਦੀ ਪ੍ਰੋੜ੍ਹਤਾ ਕਰਦੀ ਹੈ।

ਇਸ ਤਰਾਂ ਇਸ ਪਉੜੀ ਵਿੱਚ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਪਰਮਾਤਮਾ ਵੱਲੋਂ ਮਨੁੱਖੀ ਜੀਵਨ ਨੂੰ ਆਰੰਭ ਕਰਨ ਦਾ ਜਿਕਰ ਕੀਤਾ ਗਿਆ ਹੈ। ਪੰਜ ਤੱਤ, ਉਹਨਾਂ ਦੇ ਗੁਣ,ਖਾਣੀਆਂ, ਬਾਣੀਆਂ, ਚੌਰਾਸੀ ਲੱਖ ਜੂਨਾਂ ਦਾ ਜਿਕਰ ਪੁਰਾਤਨ ਭਾਰਤੀ ਸੰਸਕ੍ਰਿਤੀ ਅਨੁਸਾਰ ਕੀਤਾ ਗਿਆ ਹੈ, ਪਰ ਗੁਰਮਤਿ ਦ੍ਰਿਸ਼ਟੀਕੋਣ ਅਨੁਸਾਰ ਗੱਲ ਕੀਤੀ ਗਈ ਹੈ। ਅਸੀਂ ਦੇਖਿਆ ਹੈ ਕਿ ਵਿਗਿਆਨਕ ਸਿਧਾਂਤ ਵੀ ਇਹਨਾਂ ਸਭਨਾਂ ਦੇ ਅਨੁਸਾਰ ਹੀ ਹਨ।




**ਕੈਲੀਗ੍ਰਾਫੀ -ਸ਼੍ਰੀ ਮਤੀ ਮਨਿੰਦਰ ਕੌਰ**

# 1705 ਤੋਂ 1708 ਤੱਕ ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸ

**ਡਾ. ਸਰਦਾਰਨੀ ਦਵਿੰਦਰ ਕੌਰ ਖੁਸ਼ ਧਾਲੀਵਾਲ, ਮੁਹਾਲੀ (ਪੰਜਾਬ)**

12 ਦਸੰਬਰ, 1705 ਦੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ, ਮੁਸਲਮਾਨਾਂ ਦੇ ਪੀਰਾਂ ਵਾਲੇ ਹਰੇ ਰੰਗ ਦੇ (ਮੁਸਲਮਾਨ ਇਨ੍ਹਾਂ ਨੂੰ ਨੀਲ-ਬਸਤਰ ਕਹਿੰਦੇ ਸਨ; ਨੀਲੇ ਦਾ ਅਰਥ 'ਰੰਗਦਾਰ' ਹੈ) ਪਹਿਨ ਕੇ ਅਜਨੇਰ ਦੇ ਕਾਜ਼ੀ ਚਰਾਗ਼ ਸ਼ਾਹ ਤੇ ਚਾਰ ਮੁਰੀਦਾਂ (ਇਨਾਇਤ ਅਲੀ ਨੂਰਪੁਰ, ਕਾਜ਼ੀ ਪੀਰ ਮੁਹੰਮਦ ਸਲੋਹ, ਸੁਬੇਗ ਸ਼ਾਹ ਹਲਵਾਰਾ ਅਤੇ ਹਸਨ ਅਲੀ ਮੋਹੂ ਮਾਜਰਾ) ਨਾਲ ਮਾਛੀਵਾੜਾ ਤੋਂ ਚਲ ਪਏ। ਕਿੜੀ ਪਠਾਣਾਂ, ਘੁੰਗਰਾਲੀ, ਮਾਨੂੰਪੁਰ ਵਿਚੋਂ ਹੁੰਦੇ ਆਪ ਅਜਨੇਰ ਪੁੱਜੇ ਤੇ ਕਾਜ਼ੀ ਚਰਾਗ਼ ਸ਼ਾਹ ਦੇ ਮਹਿਮਾਨ ਬਣੇ। ਅਗਲੇ ਦਿਨ ਮਲਕਪੁਰ, ਲੱਲ, ਕਟਾਣੀ, ਰਾਮਪੁਰ ਹੁੰਦੇ ਦੋਰਾਹਾ ਅਤੇ ਫਿਰ ਆਪ ਕਨੇਚ ਅਤੇ ਇਥੋਂ 14 ਦਸੰਬਰ ਦੇ ਦਿਨ ਆਲਮਗੀਰ ਪੁੱਜੇ। ਰਾਤ ਮੋਹੀ ਰਹਿ ਕੇ 16 ਦਸੰਬਰ ਨੂੰ ਹੇਹਰ ਪਿੰਡ ਜਾ ਪੁੱਜੇ। ਇਥੇ ਰਾਏ ਕੱਲ੍ਹਾ ਆਪ ਨੂੰ ਮਿਲਣ ਆਇਆ। ਉਸ ਨੇ ਨੂਰਾ ਮਾਹੀ ਨੂੰ ਸਰਹਿੰਦ ਭੇਜ ਕੇ, ਮਾਤਾ ਗੁਜਰੀ ਅਤੇ ਬੱਚਿਆਂ ਦੀ ਸਹੀਦੀ ਦੀ ਖ਼ਬਰ ਤਸਦੀਕ ਕਰਵਾਈ। ਇਥੋਂ ਚਲ ਕੇ ਗੁਰੂ ਜੀ ਤਖਤੂਪੁਰਾ ਪੁੱਜੇ। ਇਥੇ ਆਪ ਨੇ ਨਾਲ ਆਏ ਪੰਜ ਮੁਸਲਮਾਨ ਮੁਰੀਦਾਂ ਨੂੰ ਅਲਵਿਦਾ ਆਖੀ ਅਤੇ ਆਪ ਘੋੜੇ 'ਤੇ ਸਵਾਰ ਹੋ ਕੇ ਮਧੇਅ ਹੁੰਦੇ ਹੋਏ ਭਦੌੜ ਪੁੱਜੇ। 21 ਦਸੰਬਰ, 1705 ਦੇ ਦਿਨ ਦੀਨਾ ਪਿੰਡ ਵਿਚ ਜਾ ਠਹਿਰੇ। ਇਹ ਉਹ ਨਗਰ ਹੈ ਜਿੱਥੇ ਉਨ੍ਹਾਂ ਨੇ ਫਾਰਸੀ ਵਿਚ ਔਰੰਗਜ਼ੇਬ ਦੀ ਉਸ ਚਿੱਠੀ ਦਾ ਜਵਾਬ ਦਿੱਤਾ ਜੋ ਅੰਨਦਪੁਰ ਸਾਹਿਬ ਵਿੱਚ ਵਸੂਲ ਹੋਈ ਸੀ।

ਸਿੱਖੀ ਰਵਾਇਤ ਅਨੁਸਾਰ ਇਸ ਚਿੱਠੀ ਦਾ ਤਾਤਵਿਕ ਸਿਰਲੇਖ 'ਜ਼ਫ਼ਰਨਾਮਾ' ਦੇ ਨਾਮ ਦੁਆਰਾ ਪੁਕਾਰਿਆ ਜਾਂਦਾ ਹੈ। ਗੁਰੂ ਜੀ ਨੇ ਇਸ ਨੂੰ 12 ਹਦਾਇਤ ਵਿੱਚ ਮੁਕੰਮਲ ਕੀਤਾ। ਆਰੰਭ ਵਿੱਚ ਗੁਰੂ ਜੀ ਨੇ ਪਰਮੇਸ਼ਰ ਦੀ ਸਿਫ਼ਤ ਕੀਤੀ ਹੈ। ਇਸ ਵਿਚ ਔਰੰਗਜ਼ੇਬ ਨੂੰ ਉਸ ਦੇ ਵਲੋਂ ਕੀਤੇ ਜ਼ੁਲਮ ਅਤੇ ਜਬਰ ਦੀ ਚੇਤਾਵਨੀ ਦਿੱਤੀ ਹੈ। ਉਨ੍ਹਾਂ ਲਿਖਿਆ ਕਿ ਜਦੋਂ ਸਾਰੇ ਹੋਰ ਹੀਲੇ ਖ਼ਤਮ ਹੋ ਜਾਣ ਤਾਂ ਹੱਥ ਵਿੱਚ ਤਲਵਾਰ ਢੁੱਕਵੀ ਜਾਇਜ਼ ਦੱਸੀ ਹੈ।

**ਉਨ੍ਹਾਂ ਨੇ ਲਿਖਿਆ:**

ਗਰਿਸਨਤ 'ਚ ਕਾਰੇ ਕੁਨ ਦ ਚਿਹਲ ਨਰ। ਕਿ ਦਕ ਲਕ ਬਰਾਇਦ ਬੇਖਬਰ।

ਆਪ ਦੇ ਮਾਤਾ-ਪਿਤਾ ਨੇ ਆਪ ਜੀ ਨੂੰ ਸੰਸਕ੍ਰਿਤ ਤੇ ਫ਼ਾਰਸੀ ਵਿਦਿਆ ਦੇ ਨਾਲ-ਨਾਲ ਸ਼ਸਤ੍ਰ ਵਿਦਿਆ ਵੀ ਦਿੱਤੀ। 1672 ਵਿੱਚ ਗੁਰੂ ਜੀ ਆਨੰਦਪੁਰ ਵਿਖੇ ਆ ਗਏ। ਫਾਰਸੀ ਦੀ ਸਿੱਖਿਆ ਕਾਜ਼ੀ ਪੀਰ ਮੁਹੰਮਦ ਤੋਂ, ਸੰਸਕ੍ਰਿਤ ਦੀ ਸਿੱਖਿਆ ਪੰਡਿਤ ਹਰਜਸ ਤੋਂ, ਗੁਰਮੁਖੀ ਲਿਪੀ ਦੀ ਸਿੱਖਿਆ ਮਤੀ ਦਾਸ ਅਤੇ ਸਾਹਿਬ ਚੰਦ ਤੋਂ ਪ੍ਰਾਪਤ ਕੀਤੀ। ਗੁਰੂ ਤੇਗ਼ ਬਹਾਦਰ ਸਾਹਿਬ ਜੀ, ਮਾਰਚ 1673 ਦੇ ਆਖ਼ਰੀ ਹਫ਼ਤੇ ਤੋਂ 10 ਜੁਲਾਈ, 1675 ਤੱਕ ਚੱਕ ਨਾਨਕੀ ਵਿੱਚ ਰਹੇ ਜਿਥੇ ਸਿੱਖ ਸੰਗਤਾਂ ਆਉਣ ਲੱਗ ਪਈਆਂ। ਇਹਨਾਂ ਵਿਚ ਲਾਹੌਰ ਤੋਂ ਭਾਈ ਹਰਜਸ ਸੁਭਿੱਖੀ ਵੀ ਦਰਸ਼ਨਾਂ ਵਾਸਤੇ ਆਇਆ। ਉਹਨਾ ਦੀ ਬੇਟੀ ਬੀਬੀ ਜੀਤਾਂ ਜੀ ਦੀ ਮੰਗਣੀ ਗੋਬਿੰਦ ਰਾਇ ਨਾਲ 12 ਮਈ, 1673 ਦੇ ਦਿਨ ਹੋਈ। ਇਸ ਦੇ ਨਾਲ ਹੀ ਭਾਈ ਬਜਰ ਸਿੰਘ ਨੂੰ

ਸ਼ਸਤਰ ਚਲਾਉਣ ਅਤੇ ਘੋੜ ਸਵਾਰੀ ਸਿਖਾਉਣ ਵਾਸਤੇ ਤਾਇਨਾਤ ਕੀਤਾ ਗਿਆ।

## ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼

ਆਪਣੀ ਰੋਜ਼ੀ-ਰੋਟੀ ਨੂੰ ਇਮਾਨਦਾਰੀ ਨਾਲ ਚਲਾਓ ਅਤੇ ਦਸਵੰਧ ਦਾਨ ਕਰੋ। ਕੰਮ ਤੇ ਮਿਹਨਤ ਕਰੋ ਅਤੇ ਆਲਸ ਨਾ ਕਰੋ। ਆਪਣੀ ਜਵਾਨੀ, ਜਾਤ ਅਤੇ ਕੁਲ ਧਰਮ ਬਾਰੇ ਹੰਕਾਰੀ ਹੋਣ ਤੋਂ ਪਰਹੇਜ਼ ਕਰੋ। ਦੁਸ਼ਮਣ ਦਾ ਸਾਹਮਣਾ ਕਰਨ ਤੋਂ ਪਹਿਲਾਂ ਸਾਮ, ਦਾਮ, ਦੰਢ ਅਤੇ ਭੇਦ ਦਾ ਸਹਾਰਾ ਲਓ ਅਤੇ ਅੰਤ ਵਿੱਚ ਇੱਕ-ਦੂਜੇ ਦੇ ਸਾਹਮਣੇ ਲੜਾਈ ਦਾ ਸਾਹਮਣਾ ਕਰਨਾ ਪਏਗਾ। ਈਰਖਾ ਕਰਨ ਦੀ ਬਜਾਏ ਮਿਹਨਤ ਕਰੋ। ਲੋੜਵੰਦ ਲੋਕਾਂ ਦੀ ਮਦਦ ਕਰੋ। ਆਪਣੇ ਆਪ ਨੂੰ ਸੁਰੱਖਿਅਤ ਰੱਖਣ ਲਈ, ਨਿਯਮਤ ਕਸਰਤ ਅਤੇ ਘੋੜ ਸਵਾਰੀ ਦੀਆਂ ਕਸਰਤਾਂ ਕਰੋ। ਕੋਈ ਨਸ਼ਾ ਜਾਂ ਤੰਬਾਕੂ ਦਾ ਸੇਵਨ ਨਾ ਕਰੋ।ਗੁਰੂ ਨੇ ਸੰਗਤਾਂ ਨੂੰ ਕਿਹਾ ਇੱਕ ਪੂਰਨ ਗੁਰੂ ਦੀ ਭਾਲ ਕਰੋ ਜੋ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਤਰ੍ਹਾਂ ਪਰਮਾਤਮਾ ਦੀ ਕ੍ਰਿਪਾ ਨਾਲ ਬਖਸ਼ੇਗਾ।

## ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਲੜਾਈਆਂ

ਪਿਤਾ ਗੁਰੂ ਤੇਗ ਬਹਾਦਰ - ਸ਼੍ਰੀ ਗੁਰੂ ਗੋਬਿੰਦ ਸਿੰਘ ਦੀ ਸ਼ਹੀਦੀ ਤੋਂ ਬਾਅਦ ਦੇ ਸਮੇ, ਔਰੰਗਜ਼ੇਬ ਦੇ ਅਧੀਨ ਮੁਗਲ ਸਾਮਰਾਜ ਦੀ ਸਿੱਖਾਂ ਨਾਲ ਦੁਸ਼ਮਣੀ ਸੀ। ਗੁਰੂ ਜੀ ਦੀ ਅਗਵਾਈ ਵਿਚ ਸਿੱਖਾਂ ਨੇ ਵਿਰੋਧ ਕੀਤਾ ਅਤੇ ਇਸ ਸਮੇਂ ਦੌਰਾਨ ਮੁਸਲਮਾਨ-ਸਿੱਖ ਸੰਘਰਸ਼ ਸਿਖਰ 'ਤੇ ਪਹੁੰਚ ਗਏ। ਔਰੰਗਜ਼ੇਬ ਦੀ ਫ਼ੌਜ ਸਰਗਰਮ ਸੀ ਅਤੇ ਉਸ ਨੇ ਗੁਰੂ ਸਾਹਿਬ ਦੇ ਪਰਿਵਾਰ ਨੂੰ ਖਤਮ ਕਰਨ ਦਾ ਹੁਕਮ ਜਾਰੀ ਕੀਤਾ।

ਗੁਰੂ ਜੀ ਨੇ ਧਰਮ ਯੁੱਧ (ਧਰਮ ਦੀ ਰੱਖਿਆ ਲਈ) ਵਿੱਚ ਵਿਸ਼ਵਾਸ ਰੱਖ ਕੇ ਇੱਕ ਆਖਰੀ ਉਪਾਅ ਵਜੋਂ ਲੜੇ, ਨਾ ਹੀ ਬਦਲੇ ਦੀ ਇੱਛਾ, ਲਾਲਚ ਜਾਂ ਕਿਸੇ ਵਿਨਾਸ਼ਕਾਰੀ ਟੀਚਿਆਂ ਲਈ। ਗੁਰੂ ਜੀ ਜ਼ੁਲਮ ਨੂੰ ਖਤਮ ਕਰਨ ਅਤੇ ਆਪਣੀਆਂ ਧਾਰਮਿਕ ਕਦਰਾਂ-ਕੀਮਤਾਂ ਲਈ ਮਰਨ ਲਈ ਤਿਆਰ ਸਨ ਅਤੇ ਚੌਦਾਂ ਯੁੱਧਾਂ ਦੀ ਅਗਵਾਈ ਕੀਤੀ। ਪਰ ਕਦੇ ਵੀ ਬੰਦੀ ਨਹੀਂ ਬਣਾਏ, ਨਾ ਹੀ ਕਿਸੇ ਦੇ ਪੂਜਾ ਸਥਾਨ ਨੂੰ ਨੁਕਸਾਨ ਪਹੁੰਚਾਇਆ। ਗੁਰੂ ਜੀ ਦਾ ਜੀਵਨ ਕਾਲ ਬਹੁਤ ਲੰਬਾ ਨਹੀਂ ਸੀ, ਪ੍ਰੰਤੂ ਉਹ ਘਟਨਾਵਾਂ ਨਾਲ ਇੰਨਾ ਭਰਪੂਰ ਸੀ ਕਿ ਉਹਨਾਂ ਨੂੰ ਸ਼ਾਇਦ ਹੀ ਕਿਤੇ ਅਰਾਮ ਮਿਲਿਆ ਹੋਵੇ। ਨੇਕੀ ਨੂੰ ਬਚਾਉਣਾ ਅਤੇ ਬਦੀ ਨੂੰ ਨਸ਼ਟ ਕਰਨਾ ਉਹਨਾਂ ਦਾ ਮਨੋਰਥ ਸੀ, ਜਿਸ ਲਈ ਉਹਨਾਂ ਆਪਣੇ ਪੈਰੋਕਾਰਾਂ ਨੂੰ ਸੈਨਿਕ ਇਖਲਾਕੀ ਅਤੇ ਜਜ਼ਬਾਤੀ ਤੌਰ ਤੇ ਤਿਆਰ ਕੀਤਾ।

ਇਸ ਕਰਵਾਈ ਕਰ ਕੇ ਉਹਨਾਂ ਦਾ ਅਜਿਹੇ ਲੋਕਾਂ ਨਾਲ ਟਾਕਰਾ ਹੋਇਆ ਜਿਹੜੇ ਉਹਨਾਂ ਦੇ ਦੇਸ਼ ਭਾਰਤੀ ਦੇ ਕੰਮਾਂ-ਕਾਰਾਂ ਨੂੰ ਪਸੰਦ ਨਹੀਂ ਕਰਦੇ ਸਨ। ਸਿੱਟੇ ਵਜੋਂ ਉਹਨਾਂ ਨੂੰ ਬਹੁਤ ਸਾਰੀਆਂ ਲੜਾਈਆਂ ਨਾਲ ਜੂਝਣਾ ਪਿਆ। ਲੜਾਈਆਂ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਖਾਲਸੇ ਦੀ ਸਿਰਜਨਾ ਤੋਂ ਪਹਿਲਾਂ ਦੀਆਂ ਅਤੇ ਖਾਲਸੇ ਦੀ ਸਿਰਜਨਾ ਤੋਂ ਬਾਅਦ ਦੀਆਂ ਲੜਾਈਆਂ।

ਪਹਿਲੀ ਲੜਾਈ ਪਾਉਂਟਾ ਸਾਹਿਬ ਤੋਂ ਛੇ ਮੀਲ ਉੱਤਰ ਵੱਲ ਭੰਗਾਣੀ ਦੇ ਸਥਾਨ ਤੇ 1688 ਵਿੱਚ ਹੋਈ। ਇਹ ਯੁੱਧ ਸ੍ਰੀ ਨਗਰ ਦੇ ਫਤਿਹਸ਼ਾਹ ਅਤੇ ਉਸ ਦੇ ਸਾਥੀਆਂ ਦੇ ਨਾਲ ਲੜਿਆ ਗਿਆ ਸੀ। ਕੋਈ ਡੇਢ ਸਾਲ ਪਿੱਛੋਂ ਗੁਰੂ ਜੀ ਨੇ ਨਦੌਣ ਦੇ ਯੁੱਧ

ਵਿੱਚ ਭਾਗ ਲਿਆ ਅਤੇ ਹਮਲਾਵਰ ਅਲਫ਼ ਖਾਂ ਦੇ ਵਿਰੁੱਧ ਰਾਜਾ ਭੀਮ ਚੰਦ ਤੇ ਉਸ ਦੇ ਸਾਥੀਆਂ ਦੀ ਜਿੱਤ ਪ੍ਰਾਪਤ ਕਰਨ ਵਿੱਚ ਸਹਾਇਤਾ ਕੀਤੀ। ਉੱਪਰੰਤ ਸ਼ਾਂਤੀ ਬਣੀ ਰਹੀ।

1694 ਦੇ ਅੰਤ ਵਿੱਚ ਕਾਂਗੜੇ ਦੇ ਫੌਜ਼ਦਾਰ ਦਿਲਾਵਰ ਖਾਂ ਨੇ ਆਪਣੇ ਪੁੱਤਰ ਨੂੰ ਆਨੰਦਪੁਰ ਤੇ ਹਮਲਾ ਕਰਨਾ ਲਈ ਭੇਜਿਆ। ਪਰ ਉਹ ਕੁਝ ਨਾ ਕਰ ਸਕਿਆ। ਜਦੋਂ ਉਸ ਦੇ ਆਉਣ ਬਾਰੇ ਪਤਾ ਲੱਗਾ ਤੇ ਉਸ ਦੇ ਟਾਕਰੇ ਲਈ ਉਹ ਬਾਹਰ ਨਿਕਲੇ, ਦੁਸ਼ਮਣ ਦਿਲ ਛੱਡ ਗਏ ਤੇ ਮੈਦਾਨ ਵਿਚੋਂ ਭੱਜ ਗਏ। 1695 ਦੇ ਆਰੰਭ ਵਿੱਚ ਦਿਲਾਵਰ ਖਾਂ ਨੇ ਪਹਿਲੇ ਨਾਲੋਂ ਕਿਤੇ ਵਡੇਰੀ ਮਹਿੰਮ ਹੁਸੈਨ ਖਾਂ ਦੀ ਅਗਵਾਈ ਵਿੱਚ ਭੇਜੀ। ਗੁਰੂ ਸਾਹਿਬ ਨੇ ਸਿੰਧੀਆਂ ਅਤੇ ਮੁਗਲਾਂ ਦੇ ਵਿਰੁੱਧ ਲੜਾਈ ਵਿੱਚ ਹਿੱਸਾ ਨਾ ਲਿਆ। ਪਰ ਉਹਨਾਂ ਦੀ ਹਮਦਰਦੀ ਨਿਰਸੰਦੇਹ ਉਹਨਾਂ ਨਾਲ ਸੀ ਜੋ ਹੁਸੈਨ ਖਾਂ ਦੇ ਮੁਕਾਬਲੇ ਤੇ ਲੜੇ। 1696 ਵਿੱਚ ਸਹਿਜਾਦ ਮੁਅਜ਼ਿਮ ਦੇ ਕਮਾਂਡਰ ਮਿਰਜ਼ਾ ਬੇਗ ਨੇ ਹਮਲਾ ਕੀਤਾ ਤੇ 1699 ਦੋ ਬਾਅਦ ਲੜਾਈਆ ਦਾ ਇੱਕ ਨਵਾਂ ਦੌਰ ਚੱਲ ਪਿਆ। 1699 ਦੀ ਵਿਸਾਖੀ ਵਾਲੇ ਦਿਨ ਅੰਮ੍ਰਿਤ ਸੰਚਾਰ ਹੋਇਆ। ਪੰਜ ਪਿਆਰਿਆਂ ਨੇ ਅਮ੍ਰਿਤ ਛਕਿਆ ਤੇ ਗੁਰੂ ਜੀ ਨੇ ਉਹਨਾ ਤੋਂ ਆਪ ਅਮ੍ਰਿਤ ਛਕਿਆ ਅਤੇ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਜੀ ਬਣੇ। ਸਿੱਖ ਅਮ੍ਰਿਤ ਛਕ ਕੇ ਸਿੰਘ ਬਣਨ ਲੱਗੇ। ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦਾ ਨਿਸ਼ਾਨਾ ਅੰਨਦਪੁਰ ਸੀ। ਲਗਾਤਾਰ 8 ਮਹੀਨੇ ਤੋ ਅਨੰਦਪੁਰ ਸਾਹਿਬ ਨੂੰ ਘੇਰਾ ਪਾਇਆ ਸੀ। ਬਿਕ੍ਰਮੀ ਸੰਮਤ 1762 ਦੀ 6-7 ਪੋਹ ਦੀ ਦਰਮਿਆਨੀ ਰਾਤ ਨੂੰ ਅਨੰਦ ਗੜ ਦਾ ਕਿਲ੍ਹਾ ਖਾਲੀ ਕਰਨ ਤੋਂ ਬਾਅਦ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਨੇ ਚੁੱਕੀਆਂ ਕਸਮਾਂ ਨੂੰ ਤੋੜ ਕੇ ਕੀਰਤਪੁਰ ਸਾਹਿਬ ਪਾਰ ਕਰਦਿਆਂ ਹੀ ਸਿੱਖਾਂ ਫੌਜਾਂ ਤੇ ਹਮਲਾ ਕਰ ਦਿੱਤਾ। ਸਰਸਾ ਨਦੀ ਦੇ ਕੰਢੇ ਜੰਗ ਹੋਈ, ਕਾਫੀ ਸਿੰਘ ਸ਼ਹੀਦ ਹੋ ਗਏ ਅਤੇ ਗੁਰੂ ਜੀ ਦਾ ਪਰਿਵਾਰ ਵਿਛੜ ਗਿਆ। ਅਗਲਾ ਟਾਕਰਾ 8 ਪੋਹ ਨੂੰ 1762 (ਸੰਨ 1705) ਚਮਕੌਰ ਦੀ ਗੜ੍ਹੀ ਤੇ ਭਾਰੀ ਜੰਗ ਹੋਇਆ। ਇਸ ਜੰਗ ਵਿੱਚ ਗੁਰੂ ਜੀ ਦੇ ਵੱਡੇ ਪੁੱਤਰ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ, ਹੋਰਨਾਂ ਚਾਲੀ ਕੁ ਸਿੰਘਾਂ ਸਮੇਤ ਲੜਦਿਆਂ ਸ਼ਹੀਦ ਹੋ ਗਏ। ਇਸ ਤੋਂ ਬਾਅਦ 30 ਪੋਹ 1762 ਬਿਕ੍ਰਮੀ (ਸੰਨ 1705 ਈ.) ਵਿੱਚ ਖਿਦਰਾਣਾ ਦੀ ਢਾਬ ਤੇ ਸੂਬਾ ਸਰਹਿੰਦ ਦੀ ਦਸ ਹਜ਼ਾਰ ਮੁਗ਼ਲ ਫੌਜ ਨਾਲ ਜੰਗ ਲੜੀ। ਇੱਥੇ ਚਾਲੀ ਸਿੰਘਾਂ ਵਲੋਂ ਲਿਖਿਆ ਗਿਆ ਬੇਦਾਵਾ ਗੁਰੂ ਜੀ ਨੇ ਪਾੜ ਦਿੱਤਾ ਅਤੇ ਚਾਲੀ ਮੁਕਤਿਆ ਦੀ ਧਰਤੀ ਨੂੰ ਮੁਕਤਸਰ ਕਿਹਾ ਜਾਣ ਲੱਗਾ।

**ਖਾਲਸਾ ਪੰਥ ਦੀ ਸਥਾਪਨਾ**

ਉਹਨਾਂ ਦੇ ਮਹੱਤਵਪੂਰਨ ਯੋਗਦਾਨਾਂ ਵਿੱਚ 'ਖਾਲਸਾ' ਸਿੱਖ ਯੋਧੇ ਭਾਈਚਾਰੇ ਦੀ ਸਥਾਪਨਾ ਅਤੇ ਪੰਜ ਕਕਾਰ ਨੂੰ ਪੇਸ਼ ਕਰਨਾ ਹੈ, ਜੋ ਖਾਲਸ (ਅਮ੍ਰਿਤ ਛਕੇ) ਸਿੱਖ ਹਰ ਸਮੇਂ ਪਹਿਨਦੇ ਹਨ।

ਦਸਮ ਗ੍ਰੰਥ ਗੁਰੂ ਜੀ ਦੀ ਲਿਖਤ ਹੈ, (ਪਰ ਇਸ ਸਬੰਧ ਵਿੱਚ ਵਿਵਾਦ ਹਨ), ਜਿਸ ਦੀ ਬਾਣੀ ਸਿੱਖ ਅਰਦਾਸਾਂ ਅਤੇ ਖ਼ਾਲਸੇ ਦਾ ਪਵਿੱਤਰ ਅੰਗ ਹੈ। ਮੰਨਿਆ ਜਾਂਦਾ ਹੈ ਕਿ ਓਹਨਾਂ ਨੇ ਗੁਰੂ ਗ੍ਰੰਥ ਸਾਹਿਬ" ਨੂੰ ਸਿੱਖ ਧਰਮ ਦੇ ਪ੍ਰਾਇਮਰੀ ਗ੍ਰੰਥ ਅਤੇ ਸਦੀਵੀ ਗੁਰੂ ਵਜੋਂ ਅੰਤਮ ਰੂਪ ਦਿੱਤਾ ਅਤੇ ਰਹਿੰਦੀ ਦੁਨੀਆਂ ਤੱਕ ਸਿੱਖਾਂ ਦਾ ਅੰਤਿਮ ਅਤੇ ਸਦੀਵੀ ਗੁਰੂ ਨਿਸ਼ਚਿਤ ਕੀਤਾ। 1699 ਵਿੱਚ, ਸਿੱਖਾਂ ਨੂੰ ਵਿਸਾਖੀ (ਸਾਲਾਨਾ ਬਸੰਤ ਦੀ ਵਾਢੀ ਦਾ ਤਿਉਹਾਰ) 'ਤੇ

ਅਨੰਦਪੁਰ ਸਾਹਿਬ ਵਿਖੇ ਇਕੱਠੇ ਹੋਣ ਲਈ ਕਿਹਾ ਅਤੇ ਇੱਕ ਸਿਰ ਦੀ ਮੰਗ ਕੀਤੀ। ਇੱਕ ਅੱਗੇ ਆਇਆ, ਜਿਸ ਨੂੰ ਉਹ ਇੱਕ ਤੰਬੂ ਦੇ ਅੰਦਰ ਲੈ ਗਏ। ਗੁਰੂ ਜੀ ਖ਼ੂਨੀ ਤਲਵਾਰ ਲੈ ਕੇ ਵਾਪਸ ਆਏ। ਉਹਨਾਂ ਇੱਕ ਹੋਰ ਸਿਰ ਦੀ ਮੰਗ ਕੀਤੀ ਅਤੇ ਤੰਬੂ ਤੋਂ ਖੂਨ ਨਾਲ ਲੱਥਪੱਥ ਤਲਵਾਰ ਲੈ ਕੇ ਵਾਪਸ ਆਉਣ ਦੀ ਉਹੀ ਪ੍ਰਕਿਰਿਆ ਚਾਰ ਵਾਰ ਦੁਹਰਾਈ। ਪੰਜਵੇਂ ਵਲੰਟੀਅਰ ਦੇ ਤੰਬੂ ਵਿੱਚ ਉਹਨਾਂ ਨਾਲ ਜਾਣ ਤੋਂ ਬਾਅਦ, ਗੁਰੂ ਜੀ ਪੰਜਾਂ ਵਲੰਟੀਅਰਾਂ ਨਾਲ ਵਾਪਸ ਆਏ, ਸਾਰੇ ਸੁਰੱਖਿਅਤ। ਉਨ੍ਹਾਂ ਨੂੰ ਪੰਜ ਪਿਆਰੇ ਅਤੇ ਸਿੱਖ ਪਰੰਪਰਾ ਵਿੱਚ ਪਹਿਲਾ ਖਾਲਸਾ ਕਿਹਾ। ਫਿਰ ਗੋਬਿੰਦ ਸਿੰਘ ਨੇ ਇੱਕ ਲੋਹੇ ਦੇ ਕਟੋਰੇ ਵਿੱਚ ਪਾਣੀ ਅਤੇ ਪਤਾਸੇ ਮਿਲਾਏ, ਇਸਨੂੰ ਖੰਡੇ ਨਾਲ ਹਿਲਾਉਂਦੇ ਹੋਏ "ਅੰਮ੍ਰਿਤ" ਤਿਆਰ ਕੀਤਾ। ਫਿਰ ਇਸਨੂੰ ਪੰਜ ਪਿਆਰਿਆਂ ਨੂੰ ਛਕਾਇਆ, ਇਸਦੇ ਨਾਲ ਆਦਿ ਗ੍ਰੰਥ ਦੇ ਪਾਠ ਵੀ ਕੀਤੇ, ਇਸ ਤਰ੍ਹਾਂ ਇੱਕ ਖਾਲਸਾ - ਇੱਕ ਯੋਧਾ ਭਾਈਚਾਰਾ - ਦੀ ਖੰਡੇ ਦੀ ਪਾਹੁਲ (ਅਧਿਆਪਨ ਰਸਮ) ਦੀ ਸਥਾਪਨਾ ਕੀਤੀ। ਗੁਰੂ ਜੀ ਨੇ ਉਨ੍ਹਾਂ ਨੂੰ ਇੱਕ ਨਵਾਂ ਉਪਨਾਮ "ਸਿੰਘ" (ਸ਼ੇਰ) ਵੀ ਦਿੱਤਾ। ਪਹਿਲੇ ਪੰਜ ਪਿਆਰਿਆ ਨੂੰ ਅੰਮ੍ਰਿਤ ਛਕਾ ਲੈਣ ਤੋਂ ਬਾਅਦ, ਗੁਰੂ ਜੀ ਨੇ ਪੰਜਾਂ ਨੂੰ ਉਸਨੂੰ ਖਾਲਸਾ ਵਜੋਂ ਛਕਾਉਣ ਲਈ ਕਿਹਾ। ਇਸ ਨਾਲ ਗੁਰੂ ਛੇਵਾਂ ਖਾਲਸਾ ਬਣ ਗਿਆ ਅਤੇ ਉਨ੍ਹਾਂ ਦਾ ਨਾਮ ਗੋਬਿੰਦ ਦਾਸ ਤੋਂ ਬਦਲ ਕੇ ਗੁਰੂ ਗੋਬਿੰਦ ਸਿੰਘ ਹੋ ਗਿਆ। ਇਸ ਨੇ ਪਿਛਲੀ ਚਰਨ ਪਾਹੁਲ ਰਸਮ ਦੀ ਥਾਂ ਲੈ ਲਈ, ਜਿਸ ਵਿੱਚ ਇੱਕ ਦੀਖਿਆ ਗੁਰੂ ਜਾਂ ਗੁਰੂ ਦੇ ਮਸੰਦ ਦੁਆਰਾ ਆਪਣੇ ਸੱਜੇ ਪੈਰ ਦਾ ਅੰਗੂਠਾ ਡੁਬੋਇਆ ਹੋਇਆ ਪਾਣੀ ਪੀਂਦਾ ਸੀ।

## ਗੋਬਿੰਦ ਸਿੰਘ ਨੇ ਖਾਲਸੇ ਦੀ ਪੰਜ ਕਕਾਰਾਂ ਦੀ ਪਰੰਪਰਾ ਦੀ ਸ਼ੁਰੂਆਤ ਕੀਤੀ

ਕੇਸ਼: ਅਣਕੱਟੇ ਵਾਲ, ਕੰਘਾ: ਇੱਕ ਲੱਕੜੀ ਦਾ ਕੰਘਾ, ਕੜਾ: ਗੁੱਟ 'ਤੇ ਪਹਿਨਿਆ ਜਾਣ ਵਾਲਾ ਇੱਕ ਲੋਹੇ ਦਾ ਕੰਗਣ, ਕਿਰਪਾਨ: ਇੱਕ ਤਲਵਾਰ, ਅਤੇ ਕਛਹਿਰਾ: ਪਹਿਨਣ ਵਾਲਾ

## ਗੁਰੂ ਸਾਹਿਬ ਜੀ ਦਾ ਜੋਤੀ ਜੋਤ ਸਮਾਉਣਾ

ਗੁਰੂ ਗੋਬਿੰਦ ਸਿੰਘ ਜੀ ਨੇ 'ਆਦਿ ਗ੍ਰੰਥ' ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਿਲ ਕੀਤੀ ਅਤੇ 'ਗੁਰੂ ਗ੍ਰੰਥ ਸਾਹਿਬ' ਨੂੰ ਗੁਰੂ ਦਾ ਦਰਜਾ ਦਿੱਤਾ। ਉਹਨਾਂ ਨੇ ਕਿਹਾ ਧਰਮ, ਅਰਥ, ਦਾਸ, ਸੇਖ ਚਾਰ ਪਦਾਰਥਾਂ ਦੀ ਦਾਤੀ, ਇਹ ਗੁਰਬਾਣੀ ਸਰਵ ਸ਼ਕਤੀਮਾਨ ਹੈ। ਇਸ ਹੁਕਮ ਨੂੰ ਮੰਨ ਕੇ ਸਰਬ ਸਿੱਖਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਤੇ ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦੀ ਪਦਵੀ ਥਾਪ ਕੇ 1708ਈ. ਵਿੱਚ ਗੁਰੂ ਜੀ ਨੰਦੇੜ ਦੇ ਸਥਾਨ ਤੇ ਜੋਤੀ ਜੋਤ ਸਮਾਂ ਗਏ। ਪੰਜ ਅਕਤੂਬਰ, 1708 ਦੇ ਦਿਨ, ਬਾਬਾ ਬੰਦਾ ਸਿੰਘ, ਨੰਦੇੜ ਤੋਂ ਚਲਿਆ ਅਤੇ ਇਸੇ ਸ਼ਾਮ ਨੂੰ ਜਮਸ਼ੇਦ ਖ਼ਾਨ ਪਠਾਣ ਨੇ, ਗੁਰੂ ਸਾਹਿਬ ਦੇ ਸੁੱਤਿਆਂ, ਉਨ੍ਹਾਂ ਉੱਤੇ ਹਮਲਾ ਕਰ ਦਿਤਾ ਤੇ ਜਮਧਾਰ (ਕਟਾਰ) ਦੇ ਤਿੰਨ ਵਾਰ ਕਰ ਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿਤਾ। ਬੇਹੱਦ ਜ਼ਖ਼ਮੀ ਹੋਣ ਦੇ ਬਾਵਜੂਦ, ਗੁਰੂ ਸਾਹਿਬ ਨੇ, ਪਰਤਵਾਂ ਵਾਰ ਕਰ ਕੇ ਜਮਸ਼ੇਦ ਖ਼ਾਨ ਨੂੰ ਥਾਏਂ ਮਾਰ ਦਿਤਾ।

ਗੁਰੂ ਸਾਹਿਬ ਆਪ ਵੀ ਇਨ੍ਹਾਂ ਜ਼ਖ਼ਮਾਂ ਦੀ ਤਾਬ ਨਾ ਝਲਦੇ ਹੋਏ, 7 ਅਕਤੂਬਰ ਨੂੰ ਤੜਕੇ ਵੇਲੇ ਅਕਾਲ

ਪੁਰਖ ਦੀ ਗੋਦ ਵਿੱਚ ਸਮਾ ਗਏ। ਉਨ੍ਹਾਂ ਦਾ ਸਸਕਾਰ ਇਸੇ ਸ਼ਾਮ ਨੂੰ ਗੋਦਾਵਰੀ ਦਰਿਆ ਦੇ ਕੰਢੇ ਕਰ ਦਿਤਾ ਗਿਆ। ਗੁਰੂ ਸਾਹਿਬ ਦੇ ਚੜ੍ਹਾਈ ਕਰਨ ਦਾ ਜ਼ਿਕਰ, 'ਅਖ਼ਬਾਰਾਤ-ਇ-ਦਰਬਾਰ-ਇ-ਮੁਅੱਲਾ' ਵਿੱਚ ਮੌਜੂਦ ਹੈ। ਇਸ ਤੋਂ ਇਲਾਵਾ ਇਹੀ ਜ਼ਿਕਰ ਇੱਕ ਸਿੱਖ ਲੇਖਕ ਸੈਨਾਪਤ ਦੀ 'ਗੁਰਸੋਭਾ' (1709), ਬਹਾਦਰ ਸ਼ਾਹ ਦੇ ਤਿੰਨ ਸਮਕਾਲੀ ਮੁਸਲਮਾਨ ਲੇਖਕਾਂ ਦੀਆਂ ਕਿਤਾਬਾਂ ਮਿਰਜ਼ਾ ਮੁਹੰਮਦ ਦੀ 'ਇਬਰਤਨਾਮਾ' (1716), ਮੁਹੰਮਦ ਕਾਸਿਮ ਦੀ 'ਇਬਰਤਨਾਮਾ' (1723), ਮੁਹੰਮਦ ਸ਼ਫ਼ੀ ਦੀ 'ਮੀਰਾਤ-ਇ-ਵਾਰਿਦਾਤ' (1734) ਅਤੇ ਇੱਕ ਹਿੰਦੂ ਲੇਖਕ ਚਤੁਰਮਾਨ ਸਕਸੈਨਾ ਦੀ 'ਚਹਾਰ ਗੁਲਸ਼ਨ' ਵਿੱਚ ਵੀ ਮਿਲਦਾ ਹੈ। ਇਨ੍ਹਾਂ ਵਿੱਚ ਗੁਰੂ ਸਾਹਿਬ ਦੀ 'ਮੌਤ' ਛੁਰਿਆਂ ਦੇ ਵਾਰ ਨਾਲ ਹੋਣ ਦਾ ਜ਼ਿਕਰ ਹੈ ਅਤੇ ਬਾਦਸ਼ਾਹ ਦੇ ਭੇਜੇ ਜਿਰਾਹ ਵਲੋਂ ਜ਼ਖ਼ਮ ਸੀਣ ਅਤੇ ਮਗਰੋਂ ਕਮਾਨ ਖਿੱਚਣ ਨਾਲ 'ਮੌਤ' ਦਾ ਜ਼ਰਾ-ਮਾਸਾ ਜ਼ਿਕਰ ਨਹੀਂ। ਦਰਅਸਲ ਬਾਦਸ਼ਾਹ ਉਸ ਵੇਲੇ ਕਈ ਮੀਲ ਦੂਰ ਨਿਕਲ ਚੁੱਕਾ ਸੀ, ਇਸ ਕਰ ਕੇ ਉਸ ਵਲੋਂ ਹਕੀਮ/ਜਿਰਾਹ ਭੇਜਣ ਵਾਲੀ ਗੱਲ ਸਿਰਫ਼ ਨਾ-ਮੁਮਕਿਨ ਹੀ ਸੀ। ਉਂਜ ਉਹ ਹਮਲੇ ਦੀ ਸਾਜ਼ਸ਼ ਵਿੱਚ ਸ਼ਾਮਲ ਸੀ। ਅਜਿਹਾ ਜਾਪਦਾ ਹੈ ਕਿ ਗੁਰੂ ਸਾਹਿਬ ਦੇ ਜ਼ਖ਼ਮੀ ਹੋਣ, ਜ਼ਖ਼ਮ ਸੀਣ ਅਤੇ ਫਿਰ ਕਮਾਨ ਖਿੱਚਣ ਦੀ "ਦੁਰਘਟਨਾ/ਹਾਦਸੇ ਵਿੱਚ ਮੌਤ ਹੋਣ" ਜਾਂ "ਕਮਾਨ ਖਿੱਚ ਕੇ ਆਪ ਮਨਜ਼ੂਰ ਕੀਤੀ ਮੌਤ" ਦਾ ਪ੍ਰਚਾਰ ਵਜ਼ੀਰ ਖ਼ਾਨ ਜਾਂ/ਅਤੇ ਬਹਾਦਰ ਸ਼ਾਹ ਨੇ ਕਰਵਾਇਆ ਹੋਵੇਗਾ ਤਾਂ ਕਿ ਉਹ ਖ਼ੁਦ ਨੂੰ ਗੁਰੂ ਸਾਹਿਬ ਉੱਤੇ ਕਰਵਾਏ ਹਮਲੇ 'ਚੋਂ ਸੁਰਖ਼ਰੂ ਕਰ ਸਕਣ। ਗੁਰੂ ਸਾਹਿਬ ਦੀ "ਮੌਤ" ਇੰਜ ਵਿਖਾਉਣਾ ਵਜ਼ੀਰ ਖ਼ਾਨ ਅਤੇ ਬਹਾਦਰ ਸ਼ਾਹ ਦੇ ਜਾਲ ਵਿੱਚ ਫਸ ਕੇ ਤਵਾਰੀਖ਼ ਵਿਗਾੜਨਾ ਹੈ। ਕੁੱਝ ਸਿੱਖ ਲੇਖਕਾਂ ਨੇ, ਸਰਕਾਰੀ ਪ੍ਰਾਪੇਗੰਡੇ ਦੀ ਸਾਜ਼ਸ਼ ਦੀ ਤਹਿ ਤਕ ਜਾਣ ਦੀ ਬਜਾਏ, ਇਸ ਨੂੰ ਤਵਾਰੀਖ਼ ਬਣਾ ਕੇ ਅਹਿਮਕਤਾ ਦਾ ਇਜ਼ਹਾਰ ਕੀਤਾ ਜਿਸ ਨੂੰ ਕੁੱਝ ਅਗਲੇ ਬਚਕਾਨੇ ਲੇਖਕਾਂ ਨੇ ਲੋਕਾਂ ਦੇ ਕੰਨਾਂ ਵਿੱਚ ਚਾੜ੍ਹ ਦਿਤਾ। ਕੁੱਝ ਸਿੱਖ ਲਿਖਾਰੀ ਸ਼ਾਇਦ ਇਹ ਵੀ ਨਹੀਂ ਸਨ ਚਾਹੁੰਦੇ ਕਿ ਗੁਰੂ ਸਾਹਿਬ ਨੂੰ ਮੁਸਲਮਾਨੀ ਹਮਲੇ ਵਿੱਚ ਸ਼ਹੀਦ ਹੋਇਆ ਵਿਖਾਇਆ ਜਾਵੇ, ਸੋ ਉਨ੍ਹਾਂ ਨੂੰ ਕਮਾਨ ਖਿੱਚਣ ਨਾਲ ਮੌਤ ਸਾਬਤ ਕਰਨ ਵਿੱਚ ਵਧੇਰੇ ਸ਼ਰਧਾ ਜਾਪੀ ਹੋਵੇ। ਏਨਾ ਹੀ ਨਹੀਂ, ਇੱਕ ਲੇਖਕ ਨੇ ਤਾਂ ਇਹ ਵੀ ਲਿਖ ਦਿੱਤਾ ਕਿ ਗੁਰੂ ਸਾਹਿਬ ਨੂੰ ਇੱਕ ਪਠਾਣ ਨੇ ਘੋੜਿਆਂ ਦੀ ਕੀਮਤ ਦੇ ਲੈਣ-ਦੇਣ ਦੇ ਝਗੜੇ ਵਿੱਚ ਕਤਲ ਕਰ ਦਿਤਾ ਸੀ। ਦੋ ਲੇਖਕਾਂ ਨੇ ਇਹ ਬੇਥ੍ਹਵੀ ਵੀ ਮਾਰੀ ਕਿ ਗੁਰੂ ਸਾਹਿਬ ਨੇ ਹਮਲਾਵਰ ਪਠਾਣ ਨੂੰ ਉਨ੍ਹਾਂ (ਗੁਰੂ ਸਾਹਿਬ) ਤੋਂ ਬਦਲਾ ਲੈਣ ਵਾਸਤੇ ਆਪ ਭੜਕਾਇਆ ਸੀ। ਪਰ ਇਹ ਲੇਖਕ ਵੀ ਜ਼ਖ਼ਮ ਸੀਣ ਤੇ ਮਗਰੋਂ ਕਮਾਨ ਖਿਚਣ ਨਾਲ ਮੌਤ ਦੀ ਥਾਂ ਕਾਰੀ ਜ਼ਖ਼ਮਾਂ ਨਾਲ ਦੋ ਦਿਨ ਵਿੱਚ ਮੌਤ ਦਾ ਜ਼ਿਕਰ ਕਰਦੇ ਹਨ।




Dr Devinder Kaur Khush

# ਸਿੱਖ ਰਾਜ ਦਾ ਬਹਾਦਰ ਤੇ ਦਲੇਰ ਜਰਨੈਲ :- ਸਰਦਾਰ ਸ਼ਾਮ ਸਿੰਘ ਅਟਾਰੀਵਾਲਾ

**ਡਾ ਸਰਦਾਰ ਮਿਲਖਾ ਸਿੰਘ ਔਲਖ, ਡਾ ਸਰਦਾਰ ਕਾਬਲ ਸਿੰਘ ਗਿੱਲ, ਕੈਨੇਡਾ**

ਨਾਲ




**ਸਰਦਾਰ ਸ਼ਾਮ ਸਿੰਘ ਦਾ ਇੰਡੀਆ ਗੇਟ ਤੇ ਆਦਮ-ਕੱਦ ਬੁੱਤ, ਅਮ੍ਰਿਤਸਰ**

**ਭੂਮਿਕਾ :**

ਅਟਾਰੀ ਪਿੰਡ ਅੰਮ੍ਰਿਤਸਰ ਤੋਂ ਲਾਹੌਰ ਵਾਲੀ ਸੜਕ ਤੇ ਅੰਮ੍ਰਿਤਸਰ ਤੋਂ 20 ਕਿਲੋਮੀਟਰ ਦੂਰੀ ਤੇ ਸਥਿੱਤ ਹੈ, ਜਿਸ ਦੇ ਬਾਨੀ ਸਰਦਾਰ ਗੌਰ ਸਿੰਘ ਸੀ। ਉਹ ਸਿੱਧੂ ਵੰਸ਼ ਵਿਚੋ ਸੀ। ਉਸਨੇ 25-30 ਫੁੱਟ ਉੱਚੇ ਥੇਹ ਤੇ ਪਿੰਡ ਵਸਾ ਕੇ ਆਪਣੀ ਸੱਤ ਮੰਜਲੀ ਹਵੇਲੀ ਬਣਾਈ, ਜਿਸ ਕਰਕੇ ਪਿੰਡ ਦਾ ਨਾਂ ਅਟਾਰੀ ਪੈ ਗਿਆ।

ਸਰਦਾਰ ਸ਼ਾਮ ਸਿੱਘ ਦਾ ਜਨਮ 1785 ਵਿਚ ਸਰਦਾਰ ਨਿਹਾਲ ਸਿੰਘ ਤੇ ਮਾਤਾ ਸ਼ਮਸ਼ੇਰ ਕੌਰ ਦੇ ਘਰ ਹੋਇਆ।

ਸਰਦਾਰ ਗੌਰ ਸਿੰਘ ਦਾ ਪੁੱਤਰ ਨਿਹਾਲ ਸਿੰਘ ਇਕ ਬਹਾਦਰ ਯੋਧਾ, ਚੰਗਾ ਪ੍ਰਬੰਧਕ, ਤੇ ਯੋਗ ਹਾਕਮ ਸੀ। ਆਪਣੀ ਯੋਗਤਾ ਤੇ ਬਹਾਦਰੀ ਕਾਰਨ ਸਰਦਾਰ ਨਿਹਾਲ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਬਹੁਤ ਨੇੜੇ ਸੀ। ਉਸ ਬਾਰੇ ਗ੍ਰਿਟਿਨ ਲਿਖਦਾ ਹੈ, "ਉਹ ਲੜਾਈ ਜੋ ਸਿੱਖਾਂ ਦੀ ਅਹਿਮਦ ਖਾਂ ਸ਼ਹਾਨਚੀ ਦੇ ਅਧੀਨ ਅਫਗਾਨਾਂ ਹੋਈ, ਦੀ ਜਿੱਤ ਸਰਦਾਰ ਨਿਹਾਲ ਸਿੰਘ ਦੀ ਬਹਾਦਰੀ ਕਰਕੇ ਸੀ।"

ਪਿਤਾ ਜੀ ਤੋਂ ਘੋੜ ਸਵਾਰੀ, ਤੀਰ ਅੰਦਾਜੀ, ਤਲਵਾਰ ਚਲਾਉਣੀ ਸਿਖਣ ਕਾਰਨ ਸ਼ਾਮ ਸਿੱਘ ਛੋਟੀ ਉਮਰ ਵਿਚ ਹੀ ਜੰਗਾਂ ਵਿਚ ਹਿੱਸਾ ਲੈਣ ਲੱਗ ਪਿਆ। ਗੁਲਸ਼ਨ ਲਾਲ ਚੋਪੜਾ ਅਨੁਸਾਰ ਸ਼ਾਮ ਸਿੰਘ 1803 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸ਼ਾਮਲ ਹੋਇਆ ਸੀ।

ਸੰਨ 1816 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਸ਼ਾਮ ਸਿੱਘ ਦੀ ਦਲੇਰੀ ਤੋਂ ਖੁਸ਼ ਹੋ ਕੇ ਹੀਰਿਆਂ ਜੜੀ ਕਲਗੀ ਬਖਸ਼ੀ ਸੀ, ਜਿਸ ਦੀ ਖਬਰ 12 ਮਾਰਚ 1816 ਨੂੰ, 'ਈਵੈਂਟਸ ਇਨ ਦੀ ਕੋਰਟ ਔਫ ਮਹਾਂਰਾਜਾ ਰਣਜੀਤ ਸਿੰਘ' ਵਿਚ ਛੱਪੀ ਸੀ। ਸਰਦਾਰ ਨਿਹਾਲ ਸਿੰਘ ਦੀ 1817 ਵਿਚ ਬੀਮਾਰੀ ਨਾਲ ਮੌਤ ਮਗਰੋਂ ਸ਼ਾਮ ਸਿੱਘ ਨੇਂ ਆਪਣੇਂ ਪਿਤਾ ਦੀ ਥਾਂ ਸੰਭਾਲ ਲਈ।

**ਜਰਨੈਲ ਸ਼ਾਮ ਸਿੱਘ ਦੀਆਂ ਬਹਾਦਰੀਆਂ :**

ਜਰਨੈਲ ਸ਼ਾਮ ਸਿੰਘ ਨੇ ਸਿੱਖ-ਰਾਜ ਦੀਆਂ ਅਨੇਕਾਂ ਲੜਾਈਆਂ ਵਿਚ ਬੜੀ ਬਹਾਦਰੀ ਦੇ ਜੌਹਰ ਦਿਖਾਏ, ਜਿਨਾਂ ਵਿਚੋਂ ਕੁੱਝ ਅਹਿਮ ਹਨ: (1) ਸੰਨ 1818 ਵਿਚ ਮੁਲਤਾਨ ਦੀ ਲੜਾਈ ਅਤੇ (2) ਪਿਸ਼ਾਵਰ ਦੀਆਂ ਲੜਾਈਆਂ ਜਿੱਤੀਆਂ, (3) 1819 ਵਿਚ ਕਸ਼ਮੀਰ ਦੀ ਲੜਾਈ ਜਿੱਤੀ, (4) ਸੰਨ 1831 ਵਿਚ ਸੱਯਦ ਅਹਿਮਦ ਬਰੇਲਵੀ, ਖੈਰਾਬਾਦ (ਅਟਕ), ਉਪਰ ਜਿੱਤ ਪ੍ਰਾਪਤ ਕੀਤੀ।

(5) ਸੰਨ 1832-1839 ਦੁਰਾਨ ਸਿੱਖ-ਰਾਜ ਦੀਆਂ ਸਰਹੱਦਾਂ ਦੀ ਰਾਖੀ ਤੇ ਹਜਾਰੇ ਦੀਆਂ ਮੁਹਿੰਮਾਂ ਵਿਚ ਹਿੱਸਾ ਲਿਆ, (6) ਸੰਨ 1834 ਵਿਚ ਬੰਨੂੰ ਟੋਚੀ ਦੱਰੇ ਦੀ ਜਿੱਤ, ਅਤੇ (7) ਸੰਨ 1837 ਵਿਚ ਜਮਰੌਦ ਦੀਆਂ ਮੁਹਿੰਮਾਂ ਵਿਚ ਸਫਲਤਾ ਪ੍ਰਾਪਤ ਕੀਤੀ। ਇਸ ਤਰਾਂ ਸਿੱਖ-ਰਾਜ ਦੀਆਂ ਸਰਹੱਦਾਂ ਵਧਾ ਕੇ ਸਮਰਾਜ ਵਾਧਾਉਣ ਵਿਚ ਲਗਾਤਾਰ ਯੋਗਦਾਨ ਪਾ ਕੇ ਕਸ਼ਮੀਰ, ਪੇਸ਼ਾਵਰ, ਮਨਕੇਰਾ, ਡੇਰਾ ਇਸਮਾਈਲ ਖਾਂ ਤੇ ਮੁਲਤਾਨ ਵਰਗੀਆਂ ਵੱਡੀਆਂ ਰਿਆਸਤਾਂ ਸਿੱਖ ਰਾਜ ਵਿਚ ਸ਼ਾਮਲ ਕਰ ਦਿੱਤਾ। ਇਨ੍ਹਾਂ ਬਹਾਦਰੀਆਂ ਤੋਂ ਖੁਸ਼ ਹੋ ਕੇ ਮਹਾਰਾਜਾ ਰਣਜੀਤ ਸਿੰਘ ਨੇ ਜਰਨੈਲ ਸ਼ਾਮ ਸਿੰਘ ਨੂੰ ਪਿਸ਼ਾਵਰ ਦੀ ਫੌਜ ਦਾ ਮੁੱਖ-ਅਧਿਕਾਰੀ ਨਿਯੁਕਤ ਕੀਤਾ।

## ਮਹਾਰਾਜਾ ਰਣਜੀਤ ਸਿੰਘ ਨਾਲ ਰਿਸ਼ਤੇਦਾਰੀ

ਮਹਾਰਾਜਾ ਰਣਜੀਤ ਸਿੰਘ ਦੇ ਵੱਡੇ ਪੁੱਤਰ ਖੜਕ ਸਿੰਘ ਦਾ ਬੇਟਾ ਕੰਵਰ ਨੌਨਿਹਾਲ ਸਿੰਘ ਸਿੱਖ-ਰਾਜ ਦੀਆਂ ਲੜਾਈਆਂ ਵਿਚ ਵੱਧ-ਚੜ ਕੇ ਹਿਸਾ ਲੈਣ ਲੱਗ ਪਿਆ। ਬੰਨੂੰ ਤੇ ਪਿਸ਼ਾਵਰ ਦੀਆਂ ਲੜਾਈਆਂ ਵਿਚ ਜਰਨੈਲ ਸ਼ਾਮ ਸਿੰਘ ਨੇ ਉਸ ਨੂੰ ਨੇੜਿਓ ਪਰਖਿਆ ਅਤੇ ਉਸ ਦੇ ਗੁਣਾਂ ਤੋਂ ਬਹੁਤ ਪ੍ਰਭਾਵਤ ਹੋਇਆ।

ਉਸ ਨੇ ਅਪਣੀ ਬੇਟੀ ਬੀਬੀ ਨਾਨਕੀ ਦਾ ਵਿਆਹ ਕੰਵਰ ਨੌਨਿਹਾਲ ਸਿੰਘ ਨਾਲ ਕਰਨ ਦਾ ਇਰਾਦਾ ਬਣਾਇਆ ਅਤੇ ਮਹਾਰਾਜੇ ਸਾਹਮਣੇ ਪ੍ਰਸਤਾਵ ਰੱਖਿਆ। ਮਹਾਰਾਜਾ ਨੇ 11 ਅਗਸਤ 1835 ਨੂੰ ਕੰਵਰ ਨੌਨਿਹਾਲ ਸਿੰਘ ਦਾ ਛੁਹਾਰਾ ਕੀਤਾ ਅਤੇ ਡੇਢ ਸਾਲ ਪਿਛੋਂ ਵਿਆਹ ਰਚਾ ਦਿਤਾ।

## ਕੰਵਰ ਨੌਨਿਹਾਲ ਸਿੰਘ ਦੇ ਵਿਆਹ ਦਾ ਸਮਾਗਮ

ਵਿਆਹ ਦੀਆਂ ਤਿਆਰੀਆਂ 6 ਮਹੀਨੇ ਪਹਿਲਾਂ ਹੀ ਅਰੰਭ ਹੋ ਗਈਆਂ। ਮਹਾਰਾਜਾ ਨੇ ਲੱਗਭੱਗ 5 ਲੱਖ ਸੱਦਾ ਪੱਤਰ ਭੇਜੇ।

ਇਸ ਵਿਚ ਪਟਿਆਲਾ, ਨਾਭਾ, ਜੀਂਦ ਤੇ ਫਰੀਦਕੋਟ ਦੇ ਰਾਜੇ; ਮਲੇਰਕੋਟਲਾ ਦਾ ਨਵਾਬ; ਸੁਕੇਤ ਮੰਡੀ, ਚੰਬਾ ਤੇ ਨੂਰਪੁਰ ਦੇ ਪਹਾੜੀ ਰਾਜੇ; ਅਤੇ ਸਤਲੁਜ ਤੋਂ ਉਤਰ ਵੱਲ ਪਿਸ਼ਾਵਰ ਤਕ ਦੇ ਸਭ ਸਰਦਾਰ ਤੇ ਜਗੀਰਦਾਰ ਅਤੇ'ਈਸਟ ਇੰਡੀਆ ਕੰਪਨੀ' ਦਾ ਕਮਾਂਡਰ-ਇਨ-ਚੀਫ ਸਰ ਹੈਨਰੀ ਫੈਨ ਵੀ ਵਿਆਹ ਵਿਚ ਸ਼ਾਮਲ ਹੋਇਆ। ਮਹਾਰਾਜਾ ਉਸ ਵੇਲੇ ਰਾਮਬਾਗ, ਅੰਮ੍ਰਿਤਸਰ ਸ਼ਹਿਰ ਵਿਖੇ ਠਹਿਰੇ ਹੋਏ ਸਨ। ਕੰਵਰ ਨੌਨਿਹਾਲ ਸਿੰਘ ਦੀ ਸਿਹਰਾਬੰਦੀ ਦਰਬਾਰ ਸਾਹਿਬ ਵਿਖੇ 7 ਮਾਰਚ 1837 ਨੂੰ ਕਰਕੇ, ਜੰਞ ਹਾਥੀਆਂ ਤੇ ਚੜ੍ਹਕੇ ਅਟਾਰੀ ਵੱਲ ਤੁਰੀ। ਜਿਉਂ-ਜਿਉਂ ਜੰਞ ਅਗੇ ਵਧਦੀ, ਮਹਾਰਾਜਾ ਚੌਹਾਂ ਪਾਸੇ ਰੁਪੱਇਆਂ ਦੀ ਸੋਟ ਕਰੀ ਜਾਂਦੇ। ਜੰਞ ਵੇਖਣ ਵਾਲੀ ਖਲਕਤ ਨੂੰ ਰੁਪਏ ਤੇ ਪਸ਼ੂ ਦਾਨ ਕੀਤੇ ਗਏ। ਸੋਹਣ ਲਾਲ ਲਿਖਦਾ ਹੈ ਕਿ ਲੋਕ ਝੋਲੀਆਂ ਭਰਕੇ ਦਾਨ ਲੈ ਕੇ ਗਏ। ਕਿਸੇ ਨੂੰ ਖਾਲੀ ਹੱਥ ਨਹੀਂ ਮੁੜਨਾ ਪਿਆ। ਇਸ ਤਰਾਂ ਮਹਾਰਾਜਾ ਨੇ 20 ਲੱਖ ਰੁਪਈਆ ਦਾਨ ਕੀਤਾ। ਸਰਦਾਰ ਸ਼ਾਮ ਸਿੰਘ ਨੇ ਪ੍ਰੌਹਣਿਆਂ ਦੇ ਦਿਲ-ਪਰਚਾਵੇ ਲਈ ਕਈ ਤਰਾਂ ਦੇ ਸਮਾਗਮ ਰਚਾਏ। ਸਨਮਾਨ ਵਜੋਂ ਪ੍ਰੌਹਣਿਆਂ ਨੂੰ ਕਈ ਤਰਾਂ ਦੀਆਂ ਸੁਗਾਤਾਂ ਦਿਤੀਆਂ।

ਦਾਜ ਵਿਚ 11 ਜੋੜੇ ਤਿਉਰ ਤੇ ਬਿਉਰ, 4 ਸੋਨੇ ਦੇ ਬਣੇ ਕਪੜੇ ਦੇ ਜੋੜੇ, 101 ਊਠ, 101 ਘੋੜੇ, 101 ਗਾਵਾਂ, 101 ਮੱਝਾਂ, 101 ਬਕਰੀਆਂ, 6 ਹਾਥੀ, ਬਹੁਤ ਗਹਿਣੇ, ਸੋਨੇ ਦੇ ਭਾਂਡੇ, ਅਤੇ 11

ਹਜਾਰ ਰੁਪੱਈਆ ਦਿਤਾ। ਮਹਾਰਾਜਾ ਨੇ ਇਹ ਸਭ ਬੜੇ ਚਾਅ ਨਾਲ ਪ੍ਰਵਾਨ ਕੀਤਾ। ਵਿਆਹ ਦੀ ਖੁਸ਼ੀ ਵਿਚ ਮਹਾਰਾਜਾ ਨੇ ਇਕ ਨਵਾਂ ਤਗਮਾ ਕਢਿਆ, ਜਿਸ ਦਾ ਨਾਂ 'ਕੋਕਬਿ-ਇਕਬਾਲ-ਇ-ਪੰਜਾਬ' (ਭਾਵ ਪੰਜਾਬ ਦੀ ਖੁਸ਼ਹਾਲੀ ਦਾ ਸਿਤਾਰਾ) ਸੀ। ਡੋਲੀ ਦੀ ਰਵਾਨਗੀ 10 ਮਾਰਚ 1837 ਨੂੰ ਹੋਈ।

ਇਸ ਵਿਆਹ ਨੇ ਮਹਾਰਾਜਾ ਅਤੇ ਸਰਦਾਰ ਸ਼ਾਮ ਸਿੰਘ ਦੀਆਂ ਵਡਿੱਤਾਂ ਬਾਰੇ ਧੁਮਾਂ ਪਾ ਦਿਤੀਆਂ। ਇਹ ਇਕ ਅਦੁਤੀ, ਵਿਸ਼ਾਲ ਅਤੇ ਬੇਅੰਤ ਕੀਮਤੀ ਸਮਾਗਮ ਸੀ, ਜਿਸਦੀ ਇਤਿਹਾਸ ਵਿਚ ਹੋਰ ਮਿਸਾਲ ਨਹੀਂ ਹੈ।

## ਸਿੱਖ ਰਾਜ ਉਪਰ ਸੰਕਟ

ਪੋਤਰੇ ਦੇ ਵਿਆਹ ਤੋਂ 2 ਸਾਲ 3 ਮਹੀਨੇ ਬਾਅਦ, 27 ਜੂਨ 1839 ਨੂੰ ਮਹਾਰਾਜਾ ਰਣਜੀਤ ਸਿੰਘ ਦਾ ਦੇਹਾਂਤ ਹੋ ਗਿਆ। ਉਸ ਨੇ ਆਪਣੇ ਰਾਜ ਵਿਚ ਰਿਆਸਤਾਂ ਤੇ ਇਲਾਕਿਆਂ ਦੇ ਮੁਖ ਮੰਤਰੀ ਅਤੇ ਗਵਰਨਰ ਲਾਏ ਹੋਏ ਸਨ, ਜਿਨ੍ਹਾਂ ਵਿਚੋਂ ਕਈ ਡੋਗਰੇ ਵੀ ਸਨ। ਇਨ੍ਹਾਂ ਵਿਚ ਜਿਆਦਾ ਚਰਚਿਤ ਨਾਮ ਗੁਲਾਬ ਸਿੰਘ, ਧਿਆਨ ਸਿੰਘ, ਹੀਰਾ ਸਿੰਘ, ਤੇ ਲਾਲ ਸਿੰਘ ਸਨ। ਇਹ ਡੋਗਰੇ ਸਿੱਖ-ਰਾਜ ਨੂੰ ਖਤਮ ਕਰਕੇ ਆਪਣਾਂ ਰਾਜ ਅਟੱਲ ਰਖਣਾਂ ਲੋਚਦੇ ਸਨ। ਨਿਜੀ ਸੁਆਰਥਾ ਲਈ ਉਹ ਸਿੱਖ ਸਰਦਾਰਾਂ ਵਿਚਕਾਰ ਫੁਟਾਂ ਅਤੇ ਲੜਾਈਆਂ ਕਰਾਉਂਣ ਲਗੇ, ਅਤੇ ਅੰਗਰੇਜ ਗਵਰਨਰ-ਜਨਰਲ ਨਾਲ ਗੁਪਤ ਤੌਰ ਤੇ ਗੱਲਬਾਤ ਰਾਹੀ ਸੂਹਾਂ ਦੇਣ ਲਗ ਪਏ ਸਨ।

ਇਸ ਤਰਾਂ ਥੋੜੇ ਚਿਰ ਵਿਚ ਹੀ ਸਿੱਖ ਸਰਦਾਰਾਂ, ਜਰਨੈਲਾਂ ਤੇ ਵਜੀਰਾਂ ਵਿਚਕਾਰ ਆਪਸੀ ਫੁਟਾਂ ਤੇ ਨਫਰਤਾਂ ਲਗਾਤਾਰ ਵਧਈਆਂ। ਸ਼ਾਮ ਸਿੰਘ ਦੀ ਡੋਗਰਿਆਂ ਨਾਲ ਕੋਈ ਰੰਜਸ਼ ਨਹੀਂ ਸੀ। ਉਹ ਸਿੱਖ-ਰਾਜ ਦੇ ਤੱਖਤ ਤੇ ਕੋਈ ਵਰਿਆਮ ਤੇ ਸੂਰਮਾ ਚਾਹੁੰਦਾ ਸੀ। ਮਹਾਰਾਜੇ ਦੇਂ ਵੱਡੇ ਪੁਤਰ ਕੰਵਰ ਖੜਕ ਸਿੰਘ ਨੂੰ ਤੱਖਤ ਤੇ ਬਿਠਾਇਆ ਗਿਆ। ਲੱਗਭੱਗ ਇਕ ਸਾਲ ਬਾਅਦ, ਨਵੰਬਰ 1840 ਵਿਚ, ਉਹ ਮਰ ਗਿਆ ਜਾਂ ਗੱਦਾਰਾਂ ਵਲੋਂ ਮਾਰ ਦਿਤਾ ਗਿਆ। ਅਜੇ ਉਸਦਾ ਸਸਕਾਰ ਹੋਇਆ ਹੀ ਸੀ ਕਿ ਉਸਦੇ ਪੁੱਤਰ ਕੰਵਰ ਨੌਨਿਹਾਲ ਸਿੰਘ ਨੂੰ ਕਿਲੇ ਵਿਚ ਵੜਨ ਵੇਲੇ ਦਰਵਾਜੇ ਦਾ ਛੱਜਾ ਡੇਗ ਕੇ ਮਾਰ ਦਿਤਾ ਗਿਆ। ਨੌਨਿਹਾਲ ਸਿੰਘ ਦੀ ਮਾਂ, ਮਹਾਰਾਣੀ ਚੰਦ ਕੌਰ ਨੇ ਫਿਰ ਰੀਜੈਂਟ ਵਜੋਂ ਰਾਜ ਚਲਾਇਆ, ਪਰ ਜਲਦੀ ਹੀ ਉਸ ਨੂੰ ਵੀ ਮਾਰ ਦਿੱਤਾ ਗਿਆ। ਧਿਆਨ ਸਿੰਘ ਨੇ ਮਹਾਰਾਜੇ ਦੇ ਦੂਸਰੇ ਪੁੱਤਰ ਕੰਵਰ ਸ਼ੇਰ ਸਿੰਘ ਨੂੰ ਬਟਾਲੇ ਤੋਂ ਸੱਦ ਕੇ ਜਨਵਰੀ 1941 ਵਿਚ ਤੱਖਤ ਤੇ ਬਿਠਾ ਦਿੱਤਾ। ਮਹਾਰਾਜਾ ਸ਼ੇਰ ਸਿੰਘ ਅਤੇ ਉਸਦੇ ਪੁੱਤਰ ਪਰਤਾਪ ਸਿੰਘ ਨੂੰ 15 ਸਤੰਬਰ 1843 ਨੂੰ ਲਹਿਣਾਂ ਸਿੰਘ ਤੇ ਅਜੀਤ ਸਿੰਘ ਸੰਧਾਵਾਲੀਆ ਨੇ ਮਾਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦੀ ਮਹਾਰਾਣੀ ਜਿੰਦਾ (ਜਿੰਦ ਕੌਰ) ਦੇ ਪੰਜ ਸਾਲ ਦੇ ਨਬਾਲਗ ਪੁੱਤਰ ਦਲੀਪ ਸਿੰਘ ਨੂੰ 16 ਸਤੰਬਰ 1843 ਨੂੰ ਤੱਖਤ ਤੇ ਬਿਠਾਇਆ ਗਿਆ। ਸੰਨ 1844 ਦੇ ਆਰੰਭ ਵਿਚ ਸਰਦਾਰ ਸ਼ਾਮ ਸਿੰਘ ਦਾ ਵੱਡਾ ਲੜਕਾ ਚਲਾਣਾਂ ਕਰ ਗਿਆ, ਜਿਸ ਦੁੱਖ ਕਾਰਨ ਉਹ ਕੁਝ ਚਿਰ ਲਾਹੌਰ ਦਰਬਾਰ ਵਿਚ ਹਾਜਰ ਨਾ ਹੋਇਆ। ਸਿੱਖ ਸਰਦਾਰਾਂ ਅਤੇ ਜਰਨੈਲਾਂ ਦੀ ਆਪਸੀ ਫੁੱਟ ਤੋਂ ਦੁਖੀ ਹੋ ਕੇ ਉਹ ਬਿਰਧ ਜਰਨੈਲ ਆਪਣੇ ਪਿੰਡ ਅਟਾਰੀ ਚਲਾ ਗਿਆ।

## ਸਿੱਖਾਂ ਤੇ ਅੰਗਰੇਜਾਂ ਦੀ ਸੰਧੀ ਦੀਆਂ ਉਲੰਘਣਾਂ

ਮਹਾਰਾਜਾ ਰਣਜੀਤ ਸਿੰਘ ਤੇ 'ਈਸਟ ਇੰਡੀਆ ਕੰਪਨੀ' ਵਿਚ ਸਥਾਈ ਮਿਤੱਰਤਾ ਲਈ 25 ਅਪ੍ਰੈਲ 1809 ਨੂੰ ਇਕ ਸੰਧੀ ('ਟਰੀਟੀ ਔਫ ਅੰਮ੍ਰਿਤਸਰ') ਹੋਈ ਸੀ। ਇਸ ਅਨੁਸਾਰ ਦੋਹਾਂ ਰਾਜਾਂ ਵਿਚਕਾਰ ਸਤਲੁਜ ਦਰਿਆ ਸੀਮਾਂ ਸਥਾਪਤ ਹੋਈ ਸੀ। ਇਸ ਕਰਕੇ ਮਹਾਰਾਜੇ ਦੇ ਸਮੇਂ ਦੋਹਾਂ ਰਾਜਾਂ ਦੀਆਂ ਫੌਜਾਂ ਨੇ ਸਤਲੁਜ

ਦਰਿਆ ਪਾਰ ਨਹੀ ਕੀਤਾ। ਪਰ ਉਸ ਦੀ ਮੌਤ ਤੋਂ ਬਾਅਦ ਅੰਗਰੇਜ਼ਾ ਵਲੋਂ ਸੰਧੀ ਦੇ ਨਿਯਮਾਂ ਦੀ ਉਲੰਘਣਾਂ ਸ਼ੁਰੂ ਕਰ ਦਿਤੀ ਗਈ। ਉਨ੍ਹਾਂ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੇ ਉਤਰਾਧਿਕਾਰੀ ਲੀਡਰਸ਼ਿਪ ਦੇ ਗੁਣਾ ਦੇ ਮਾਲਕ ਨਹੀ ਸਨ। ਖੁਸ਼ਵੰਤ ਸਿੰਘ ਲਿਖਦਾ ਹੈ ਕਿ ਡੋਗਰੇ ਤੇ ਕੁਝ ਸਰਦਾਰ ਅੰਗਰੇਜ਼ਾ ਨਾਲ ਸੰਪਰਕ ਵਿੱਚ ਸਨ।

ਡੋਗਰੇ ਪੰਜਾਬ ਨੂੰ ਵੇਚਣ ਲਈ ਤਿਆਰ ਸਨ, ਬਸ਼ਰਤੇ ਉਨ੍ਹਾਂ ਦੀਆ ਸਹੂਲਤਾਂ ਅਤੇ ਜ਼ਗੀਰਾਂ ਸੁਰੱਖਿਅਤ ਹੋਣ। ਗਵਰਨਰ-ਜਨਰਲ, ਲਾਰਡ ਹਾਰਡਿੰਗ, ਨੇ 13 ਦਸੰਬਰ 1845 ਨੂੰ ਸਿੱਖ-ਰਾਜ ਹੜੱਪਣ ਲਈ ਜੰਗ ਦਾ ਐਲਾਨ ਕਰ ਦਿੱਤਾ ਅਤੇ ਲੜੀਵਾਰ ਲੜਾਈਆਂ ਸ਼ੁਰੂ ਹੋ ਗਈਆਂ।

### ਸਿੱਖ-ਰਾਜ ਤੇ ਅੰਗਰੇਜ-ਰਾਜ ਵਿਚਕਾਰ ਜੰਗਾ

ਗੱਦਾਰਾਂ ਨੇ ਰਾਜ ਹਥਿਆਉਣ ਲਈ ਚਾਰ ਸਾਲਾਂ ਵਿਚ ਹੀ ਸਿੱਖ-ਰਾਜ ਦੇ ਕਈ ਵਾਰਸਾਂ ਨੂੰ ਕਤਲ ਕਰ ਦਿੱਤਾ। 1845 ਤੱਕ ਸਿੱਖ-ਰਾਜ ਦੇ ਪ੍ਰਬੰਧਕਾਂ ਵਿਚ ਜਬਰਦਸਤ ਦਰਾੜਾਂ ਪੈ ਚੁਕੀਆਂ ਸਨ। ਇਨ੍ਹਾਂ ਹਾਲਾਤਾਂ ਵਿਚ 18 ਦਸੰਬਰ 1845 ਨੂੰ ਅੰਗਰਜਾਂ ਨਾਲ ਪਹਿਲੀ ਲੜਾਈ ਸਤਲੁਜ ਦਰਿਆ ਦੇ ਦਖਣੀ ਕੰਢੇ ਮੁਦੱਕੀ ਵਿਚ ਹੋਈ।

ਏਸ ਵਿਚ ਕਮਾਂਡਰ ਤੇਜ ਸਿੰਘ ਤੇ ਵਜੀਰ ਲਾਲ ਸਿੰਘ ਡੋਗਰਾ ਦੀ ਗੱਦਾਰੀ ਕਾਰਨ ਸਿੱਖਾਂ ਦੀ ਹਾਰ ਹੋਈ। ਫੌਜਾਂ ਫਿਰੋਜ਼ਸ਼ਾਹ (ਫੇਰੂ ਸ਼ਹਿਰ ਜਾਂ ਫੇਰੂਸ਼ਾਹ) ਵਿੱਚ ਇਕੱਠੀਆਂ ਹੋਈਆਂ ਅਤੇ ਇਥੇ 23 ਦਸੰਬਰ 1845 ਨੂੰ ਅੰਗਰੇਜਾਂ ਨਾਲ ਦੂਸਰੀ ਲੜਾਈ ਹੋਈ। ਉਪਰੰਤ ਸਤਲੁਜ ਦੇ ਨਾਲ ਲਗਦੇ ਇਲਾਕੇ ਦੇ ਸਰਦਾਰ ਰਣਜੋਧ ਸਿੰਘ ਨੇ ਲਾਡਵਾ ਨਾਲ ਮਿਲਾ ਕੇ 22 ਜਨਵਰੀ 1846 ਨੂੰ ਬਦੋਵਾਲ ਵਿਖੇ ਅੰਗਰੇਜਾਂ ਦੀ ਫੌਜ ਤੇ ਹਮਲੇ ਕਰ ਕੇ ਉਨ੍ਹਾਂ ਦਾ ਬਹੁਤ ਨੁਕਸਾਨ ਕੀਤਾ। ਆਲੀਵਾਲ ਸਥਿਤ ਚੌਥੀ ਲੜਾਈ 28 ਜਨਵਰੀ 1846 ਵਿਚ ਅੰਗਰੇਜਾਂ ਨੇ ਸਿੱਖ ਫੌਜਾਂ ਦਾ ਬਹੁਤ ਘਾਣ ਕੀਤਾ ਜਿਸ ਕਾਰਨ ਸਿੱਖ ਫੌਜਾਂ ਦਿਲ ਛੱਡ ਗਈਆਂ।

### ਮਹਾਰਾਣੀ ਜਿੰਦਾਂ ਦੀ ਸ਼ਾਮ ਸਿੰਘ ਨੂੰ ਦਰਦ ਭਰੀ ਚਿੱਠੀ

ਸਿੱਖ ਫੌਜਾਂ ਦੀਆਂ ਹਾਰਾਂ ਬਾਅਦ ਸਿੱਖ-ਰਾਜ ਦਾ ਖਾਤਮਾਂ ਹੁੰਦਾ ਦੇਖਦਿਆਂ ਮਹਾਰਾਣੀ ਜਿੰਦਾਂ ਨੇ ਸ਼ਾਮ ਸਿੰਘ ਅਟਾਰੀਵਾਲਾ ਨੂੰ ਚਿੱਠੀ ਲਿੱਖੀ।

ਇਸ ਰਾਹੀਂ ਸਨਿਮਰ ਬੇਨਤੀ ਕੀਤੀ ਕਿ ਅੱਤ-ਮੁਸ਼ਕਲ ਘੜੀ ਵਿਚ ਉਹ ਹੀ ਸਿੱਖ-ਰਾਜ ਨੂੰ ਸੰਕਟ ਵਿਚੋਂ ਬਾਹਰ ਕੱਢ ਸਕਦੇ ਹਨ। ਇਹ ਚਿੱਠੀ ਲੈ ਕੇ ਦਸ ਘੋੜ-ਸਵਾਰ ਅਟਾਰੀ ਪਹੁੰਚੇ। ਚਿੱਠੀ ਮਿਲਦੇ-ਸਾਰ ਸਰਦਾਰ ਸ਼ਾਮ ਸਿੰਘ ਲੜਾਈ ਦੇ ਮੈਦਾਨ ਵਲ ਚੱਲ ਪਏ। ਉਨ੍ਹਾਂ ਨੇ ਦ੍ਰਿੜਤਾ ਨਾਲ ਐਲਾਨ ਕੀਤਾ ਕਿ ਉਹ ਅੰਗਰੇਜਾਂ ਦਾ ਟਾਕਰਾ ਕਰਨਗੇ ਤੇ ਉਨ੍ਹਾਂ ਨੂੰ ਪੰਜ ਦਰਿਆਵਾਂ ਦੀ ਧਰਤੀ ਤੇ ਕਬਜਾ ਕਰਨੋਂ ਰੋਕਣਗੇ।

### ਸਿੱਖ-ਰਾਜ ਅਤੇ ਅੰਗਰੇਜ-ਰਾਜ ਵਿਚਕਾਰ ਸਭਰਾਉਂ ਦੀ ਲੜਾਈ

ਸਰਦਾਰ ਸ਼ਾਮ ਸਿੰਘ ਨੇ ਤਰਨਤਾਰਨ ਜ਼ਿੱਲ੍ਹੇ ਦੇ ਸਭਰਾਉਂ ਪਿੰਡ, ਜੋ ਸਤਲੁਜ ਤੋਂ ਉਤਰ ਵੱਲ ਹੈ, ਵਿਚ ਫੌਜ ਇਕੱਠੀ ਕੀਤੀ। ਉਨ੍ਹਾਂ ਨੂੰ ਆਪਣੇ ਪੁਰਖਿਆਂ ਦੀਆਂ ਕੁਰਬਾਨੀਆਂ ਤੇ ਕਾਰਨਾਮਿਆਂ ਦੀ ਯਾਦ ਤਾਜਾ ਕਰਵਾ ਕੇ ਉਤਸ਼ਾਹ ਭਰਿਆ ਅਤੇ ਪ੍ਰੇਰਨਾਂ ਦਿੱਤੀਆਂ। ਉਥੋਂ ਬੇੜੀਆਂ ਦਾ ਪੁਲ ਬਣਾਕੇ ਸਿੱਖ ਫੌਜ ਦਰਿਆ ਪਾਰ ਕਰਕੇ ਦਰਿਆ ਦੇ ਦੱਖਣ ਵਾਲੇ ਪਾਸੇ ਅੰਗਰੇਜ-ਰਾਜ ਦੀ ਹੱਦ ਵਿਚ ਦਾਖਲ ਹੋਈ। ਇਥੇ ਅੱਜਕਲ ਫਤਿਹਗੜ ਸਭਰਾਂ ਪਿੰਡ (ਜ਼ਿੱਲ੍ਹਾ ਫਿਰੋਜਪੁਰ) ਸਥਿੱਤ ਹੈ।

ਉਸ ਵੇਲੇ ਕਮਾਂਡਰ ਤੇਜ ਸਿੰਘ ਡੋਗਰਾ ਵੀ ਸਿੱਖ ਫੌਜ ਦੇ ਨਾਲ ਸੀ। ਉਸਨੇ 9 ਫਰਵਰੀ 1846 ਦੀ ਰਾਤ ਨੂੰ, ਲੜਾਈ ਤੋਂ ਕੁਝ ਘੰਟੇ ਪਹਿਲਾਂ, ਸਰਦਾਰ ਸ਼ਾਮ ਸਿੰਘ ਨੂੰ ਸਲਾਹ ਦਿੱਤੀ ਕਿ ਉਹ ਅੰਗਰੇਜਾਂ ਦੇ ਵਿਰੁਧ ਲੜਾਈ ਕਰਕੇ ਆਪਣੀ ਮੌਤ

ਨ ਸਹੇੜੇ, ਕਿਉਂਕਿ ਅੰਗਰੇਜਾਂ ਦੀ ਭਾਰੀ ਤਿਆਰੀ ਕਰਕੇ ਜਿੱਤ ਪ੍ਰਾਪਤ ਕਰਨਾ ਅਸੰਭਵ ਹੈ। ਉਸਨੇ ਜੋਰਦਾਰ ਪ੍ਰੇਰਣਾਂ ਕੀਤੀ ਕਿ ਉਹ ਲੜਾਈ ਕਰਨ ਦੀ ਥਾਂ ਰਣਭੂੰਮੀ ਵਿਚੋਂ ਭੱਜ ਜਾਵੇ। ਸਰਦਾਰ ਸ਼ਾਮ ਸਿੰਘ ਨੇ ਸਿੱਖ-ਰਾਜ ਨਾਲ ਧ੍ਰੋਹ ਕਰਨ ਦੀ ਤਜਵੀਜ ਨਫਰਤ ਨਾਲ ਠੁਕਰਾ ਦਿੱਤੀ।

ਤੇਜ ਸਿੰਘ ਡੋਗਰੇ ਨੇ ਗੁਸੇ ਵਿਚ ਭਰਕੇ, ਔਖਿਆਂ ਹੋ ਕੇ ਕਹਿਆ, "ਜੇ ਤੂੰ ਇਨ੍ਹਾਂ ਹੀ ਬਹਾਦਰ ਹੈ ਤਾਂ ਸਹੁੰ ਚੁਕ ਕੇ ਰਣਭੂਮੀ ਵਿਚੋਂ ਨਸ ਕੇ ਨਹੀਂ ਜਾਵੇਂਗਾ, ਕਿਉਂਕਿ ਮੈਨੂੰ ਨਿਸਚਾ ਹੈ ਕਿ ਅੰਤ ਤੂੰ ਵੀ ਉਹੀ ਕਰੇਂਗਾ ਜੋ ਮੈਂ ਆਖਦਾ ਹਾਂ।"

ਉਸ ਵੇਲੇ ਸਰਦਾਰ ਸ਼ਾਮ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਮੰਗਵਾਈ ਤੇ ਗੁਰੂ ਜੀ ਦੇ ਸਨਮੁਖ ਅਰਦਾਸ ਕਰਕੇ ਪ੍ਰਤਿਗਿਆ ਕੀਤੀ, "ਜੇ ਸਿੱਖ ਹਾਰ ਗਏ ਤਾਂ ਮੈਂ ਰਣਭੂਮੀ ਵਿਚੋਂ ਜਿਊਂਦਾ ਵਾਪਿਸ ਨਹੀ ਜਾਵਾਂਗੇ।" ਸਰਦਾਰ ਸ਼ਾਮ ਸਿੰਘ ਨੇ 10 ਫਰਵਰੀ 1846 ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਚਿੱਟੀ ਪੁਸ਼ਾਪ ਪਾਈ ਤੇ ਆਪਣੀ ਚੀਨੀ ਘੋੜੀ ਤੇ ਸਵਾਰ ਹੋ ਕੇ ਸਿੱਖ ਫੌਜ ਨੂੰ ਸੰਬੋਧਨ ਕਰਨ ਲਈ ਚਲ ਪਏ। ਦੂਸਰੇ ਪਾਸੇ ਗੱਦਾਰ ਰਾਜਾ ਗੁਲਾਬ ਸਿੰਘ ਤੇ ਤੇਜ ਸਿੰਘ ਡੋਗਰੇ ਵਲੋਂ ਅਗਾਊਂ ਦਿੱਤੀਆਂ ਸੂਹਾਂ ਅਨੁਸਾਰ ਅੰਗਰੇਜ-ਫੌਜਾਂ ਨੇ ਪਹਿਲਾਂ ਹੀ ਹਮਲਾ ਕਰ ਦਿੱਤਾ ਅਤੇ ਮੋਰਚਿਆਂ ਉਤੇ ਅਚਾਨਕ ਭਾਰੀ ਗੋਲਾਬਾਰੀ ਸ਼ੁਰੂ ਹੋ ਗਈ। ਸਿੱਖ ਨਗਾਰਿਆਂ ਤੇ ਚੋਟ ਲਾ ਕੇ ਬਿਗਲਾਂ ਦੀ ਅਵਾਜ ਨਾਲ ਗੋਲਿਆਂ ਦਾ ਜਵਾਬ ਗੋਲਿਆਂ ਨਾਲ ਦੇਣ ਲੱਗੇ।

ਮੁਹੰਮਦ ਲਤੀਫ ਲਿਖਦਾ ਹੈ, "ਬੁਢੇ ਸਰਦਾਰ ਸ਼ਾਮ ਸਿੰਘ ਨੇ ਆਪਣੀ ਲੰਮੀ ਦੁੱਧ ਚਿੱਟੀ (ਬਰਫਾਨੀ) ਦਾੜ੍ਹੀ ਵਰਗੀ ਸਫੈਦ ਪੋਸ਼ਾਕ ਪਾਈ, ਚੀਨੀ ਘੋੜੀ ਨੂੰ ਸਰਪੱਟ ਦੁੜਾਇਆ। ਆਪਣੇ ਸਾਥੀਆਂ ਨੂੰ ਹੱਲਸ਼ੇਰੀ ਦੇਂਦਿਆਂ ਉਹ ਅੱਗੇ ਵਧੇ ਤੇ ਅੰਤ ਤੱਕ ਮੌਤ ਨੂੰ ਟਿੱਚ ਜਾਣਦਾ ਹੋਇਆ, ਛਾਤੀ ਵਿਚ ਸੱਤ ਗੋਲੀਆਂ ਖਾ ਕੇ ਸ਼ਹੀਦ ਹੋਏ। ਅਗਰੇਜਾਂ ਨੇ ਵੀ ਮੰਨਿਆ ਹੈ ਕਿ ਇਸ ਸੂਰਬੀਰ ਜਰਨੈਲ ਦੇ ਇਕ ਵੀ ਸਿੱਖ ਸਿਪਾਹੀ ਨੇ ਲੜਾਈ ਦਾਂ ਮੈਦਾਨ ਨਹੀਂ ਛੱਡਿਆ ਅਤੇ ਨਾ ਹੀ ਕਿਸੇ ਨੇ ਜੀਵਨ ਦੀ ਭੀਖ ਮੰਗੀ।

ਇਸ ਯੁੱਧ ਬਾਰੇ ਸ਼ਾਹ ਮੁਹੰਮਦ ਇਹ ਲਿਖਦਾ ਹੈ "ਸ਼ਾਮ ਸਿੰਘ ਅਟਾਰੀ ਵਾਲੇ, ਬੰਨ੍ਹ ਸ਼ਸਤਰੀਂ ਜੋੜ ਵਿਛੋੜ ਸੁੱਟੇ। ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।"

ਅੰਗਰੇਜ ਫੌਜ ਦੇ ਕਮਾਂਡਰ-ਇਨ-ਚੀਫ ਸਰ ਹਿਊਂਗਫ ਨੇ ਸਭਰਾਉਂ ਦੀ ਗਹਿਗੱਚ ਲੜਾਈ ਦੀ ਤੁਲਨਾ ਅੰਗਰੇਜਾਂ ਵਲੋਂ ਨੇਪੋਲੀਅਨ ਨਾਲ ਹੋਈ ਵਾਟਰਲੂ ਦੀ ਲੜਾਈ ਨਾਲ ਕੀਤੀ ਹੈ। ਉਨ੍ਹਾਂ ਜਰਨੈਲ ਸ਼ਾਮ ਸਿੰਘ ਦੀ ਦਲੇਰੀ ਅਤੇ ਸੂਰਬੀਰਤਾ ਨੂੰ ਮਾਨਤਾ ਦਿੰਦੇ ਹੋਏ ਉਸ ਦੀ ਲਾਸ਼ ਸਤਿਕਾਰ ਸਹਿਤ ਹਾਥੀ ਤੇ ਅਟਾਰੀ ਪਹੁੰਚਾਈ ਸੀ। ਇਤਿਹਾਸਕਾਰਾਂ ਨੇ ਸਭਰਾਉਂ ਦੀ ਲੜਾਈ ਵਿਚ ਸਿੱਖ ਫੌਜ ਦੀ ਹਾਰ ਦੇ ਅਨੇਕਾਂ ਕਾਰਨ ਦਸੇ ਹਨ। ਜਿਵੇਂ ਕਿ ਸਿੱਖਾਂ ਦੀ ਜੰਗ ਲਈ ਤਿਆਰੀ ਨਾਂ ਹੋਣਾ; ਸਰਦਾਰਾਂ ਦੀ ਐਸ਼ੋ-ਇਸ਼ਰਤ ਤੇ ਆਪਸੀ ਫੁੱਟ; ਗੱਦਾਰ ਡੋਗਰੇ ਕਮਾਂਡਰਾਂ ਵਲੋਂ ਅੰਗਰੇਜਾਂ ਨੂੰ ਭੇਤ ਦੇਣਾਂ, ਤੋਪਾਂ ਲਈ ਬਰੂਦ ਦੇ ਤੋੜਿਆਂ ਵਿਚ ਸਰੋਂ ਦੇ ਬੀਜ ਦੀ ਮਿਲਾਵਟ, ਆਪ ਮੈਦਾਨ ਵਿਚੋਂ ਭੱਜ ਜਾਣਾਂ, ਸਤਲੁਜ ਦਰਿਆ ਤੇ ਬਣੇ ਕਿਸ਼ਤੀਆਂ ਦੇ ਪੁਲ ਦੀਆਂ ਬੇੜੀਆਂ ਤੋੜ ਕੇ ਦੱਬ ਦੇਣੀਆਂ; ਅਤੇ ਪਟਿਆਲਾ, ਜੀਂਦ, ਫਰੀਦਕੋਟ, ਚਚਰੌਲੀ (ਕਲਸੀਆ) ਰਿਆਸਤਾਂ ਦੇ ਸਿੱਖ ਰਾਜਿਆ ਵਲੋਂ ਅੰਗਰੇਜਾ ਦਾ ਬੇਮਿਸਾਲ ਸਮਰਥਨ ਕਰਨਾ। ਇਸ

ਸੱਭ ਵਿਚ ਅਣਖੀ ਸਰਦਾਰ ਸ਼ਾਮ ਸਿੰਘ ਅਪਣੀਂ ਪ੍ਰਤਿਗਿਆ ਤੇ ਪੂਰਾ ਉਤਰਿਆ। ਗੱਦਾਰੀ ਦੀ ਤੁਲਨਾ ਵਿਚ ਉਸ ਦੀ ਵਫਾਦਾਰੀ ਤੇ ਸ਼ਹੀਦੀ ਹਮੇਸ਼ਾਂ ਚਾਨਣ-ਮੁਨਾਰਾ ਬਣ ਕੇ ਚਮਕਦੀ ਰਹੇਗੀ। ਉਸ ਦੇ ਵੰਸ਼ ਦੇ ਖ਼ੂਨ (ਧੰਅ) ਵਿਚ ਦਲੇਰੀ ਤੇ ਬਹਾਦਰੀ ਹੈ ਅਤੇ ਉਹਨਾਂ ਦੇ ਵਾਰਸਾ ਨੇ ਆਜ਼ਾਦੀ ਤੋਂ ਬਾਅਦ ਵੀ ਵੱਖ-ਵੱਖ ਯੁੱਧਾਂ ਵਿੱਚ ਭਾਰਤ ਦੀ ਸੇਵਾ ਕੀਤੀ ਤੇ ਕਰ ਰਹੇ ਹਨ। ਖੁਸ਼ਵੰਤ ਸਿੰਘ ਇਨ੍ਹਾਂ ਲੜਾਈਆਂ ਨੂੰ ਐਂਗਲੋ-ਸਿੱਖ ਜੰਗਾਂ' ਲਿਖਦਾ ਹੈ।

**ਜਰਨੈਲ ਸ਼ਾਮ ਸਿੰਘ ਦੀ ਸਿੱਖੀ ਪ੍ਰਤੀ ਦ੍ਰਿੜਤਾ**

ਅੱਣਖੀ ਤੇ ਬਹਾਦਰ ਜਰਨੈਲ ਦੇ ਨਾਲ-ਨਾਲ ਸਰਦਾਰ ਸ਼ਾਮ ਸਿੰਘ ਇਕ ਦ੍ਰਿੜ-ਵਿਸ਼ਵਾਸੀ ਅਤੇ ਸ਼ਰਧਾਲੂ ਸਿੱਖ ਸੀ ਅਤੇ ਗੁਰਦੁਆਰਿਆਂ ਦੀ ਸੇਵਾ ਤਨ, ਮਨ, ਤੇ ਧਨ ਨਾਲ ਕਰਦਾ ਸੀ। ਉਸਨੇ ਬਾਬਾ ਅਟੱਲ ਸ੍ਰੀ ਅੰਮ੍ਰਿਤਸਰ ਦੀ ਉਪਰਲੀ ਮੰਜਿਲ ਦੀ ਗ਼ਚਕਾਰੀ ਆਪ ਕਰਵਾਈ ਅਤੇ ਬਾਹਰਲੇ ਹਿੱਸੇ ਨੂੰ ਆਪਣੇ ਵੱਡੇ ਪੁਤਰ ਠਾਕਰ ਸਿੰਘ ਦੀ ਨਿਗਰਾਨੀ ਵਿਚ ਸੰਨ 1842 ਵਿਚ ਬਣਵਾਇਆ ਸੀ।

**ਯਾਦਗਾਰਾਂ**

**ਪਿੰਡ ਅਟਾਰੀ, ਜਿੱਲ੍ਹਾ ਅਮ੍ਰਿਤਸਰ:** ਇਥੇ ਸਰਦਾਰ ਸ਼ਾਮ ਸਿੰਘ, ਉਨ੍ਹਾਂ ਦੇ ਪਿਤਾ ਸਰਦਾਰ ਨਿਹਾਲ ਸਿੰਘ ਤੇ ਪਤਨੀ ਦੀਆਂ ਸਮਾਧਾਂ ਬਣੀਆਂ ਹੋਈਆਂ ਹਨ। ਉਨ੍ਹਾਂ ਦੀ ਸੱਤ ਮੰਜਲੀ ਹਵੇਲੀ, ਕਿਲ੍ਹਾ ਤੇ ਕਈ ਹੋਰ ਇਤਿਹਾਸਕ ਇਮਾਰਤਾਂ ਵੀ ਹਨ ਜੋ ਠੀਕ ਦੇਖ-ਭਾਲ ਨਾ ਹੋਣ ਕਾਰਨ ਹੌਲੀ-ਹੌਲੀ ਢਹਿ-ਢੇਰੀ ਹੋ ਰਹੀਆਂ ਹਨ।

**ਅਮ੍ਰਿਤਸਰ ਤੋਂ** ਲਾਹੌਰ ਵਲ ਜਾਂਦੀ ਸੜਕ ਤੇ ਬਣਾਏ ਇੰਡੀਆ ਗੇਟ ਤੇ ਸਰਦਾਰ ਸ਼ਾਮ ਸਿੱਘ ਦਾ ਆਦਮ-ਕੱਦ ਬੁੱਤ ਲਗਾਇਆ ਗਿਆ ਹੈ। ਇਥੇ ਹਰ ਸਾਲ 10 ਫਰਵਰੀ ਨੂੰ, ਉਹਨਾਂ ਦੀ ਬਰਸੀ ਸਮੇ, ਪੁਸ਼ਪਾਜਲੀ ਹੁੰਦੀ ਹੈ।

**ਫਤਿਹਗੜ ਸਭਰਾਂ, ਜਿੱਲ੍ਹਾ ਫਿਰੋਜ਼ਪੁਰ** ਵਿਚ 'ਸ਼ਹੀਦ ਸ਼ਾਮ ਸਿੰਘ ਅਟਾਰੀ ਖਾਲਸਾ ਸੀਨੀਅਰ



**ਸ਼ਹੀਦ ਸ਼ਾਮ ਸਿੰਘ ਅਟਾਰੀ ਖਾਲਸਾ ਸੀਨੀਅਰ ਸੈਕੰਡਰੀ ਸਕੂਲ**



**ਐਂਗਲੋ-ਸਿੱਖ ਵਾਰ ਮੈਮੋਰੀਅਲ (ਮੁਦੱਕੀ, ਫਿਰੋਜਸ਼ਾਹ, ਸਭਰਾਉਂ ਤੇ ਚਿਲਿਆਂਵਾਲਾ ਦੀਆਂ ਲੜਾਈਆਂ), ਫਿਰੋਜਸ਼ਾਹ, ਜਿੱਲ੍ਹਾ ਫਿਰੋਜਪੁਰ**

ਸੈਕੰਡਰੀ ਸਕੂਲ', ਰਿਹਾਇਸ਼ੀ ਕਾਲਜ, ਅਜਾਇਬ ਘਰ ਤੇ ਗੁਰਦੁਆਰਾ ਸਾਹਿਬ ਬਣੇ ਹਨ। ਲੋਕਾਂ ਦੇ ਸਹਿਯੋਗ ਨਾਲ ਇਨ੍ਹਾਂ ਦੀ ਵਧੀਆ ਸੰਭਾਲ ਹੋ ਰਹੀ ਹੈ।

ਇਥੇ ਲੜਾਈ ਦੇ ਵਾਲੇ ਖੇਤਾ ਵਿੱਚ ਅੰਗਰੇਜ-ਰਾਜ ਦੀ ਭਾਰਤ ਸਰਕਾਰ ਰਾਹੀ ਸਭਰਾਉਂ ਦੀ ਲੜਾਈਂ ਦੀ ਜਿੱਤ ਦਾ ਪ੍ਰਤੀਕ ਮਿਨਾਰ ਬਣਾਇਆ ਗਿਆ ਹੈ।

**ਐਂਗਲੋ-ਸਿੱਖ ਵਾਰ ਮੈਮੋਰੀਅਲ, ਫਿਰੋਜਸ਼ਾਹ, ਜਿੱਲ੍ਹਾ ਫਿਰੋਜਪੁਰ** ਵਿਚ ਪੰਜਾਬ ਸਰਕਾਰ ਵਲੋਂ ਬਣਾਈ ਯਾਦਗਾਰ ਦੀ ਸਰਕਾਰ ਵਲੋਂ ਸੰਭਾਲ ਹੋ ਰਹੀ ਹੈ। ਇਥੇ ਸਿੱਖ-ਰਾਜ ਤੇ ਅੰਗਰੇਜ-ਰਾਜ ਵਿਚਕਾਰ ਹੋਈਆਂ ਲੜਾਈਆਂ ਬਾਰੇ ਪੋਸਟਰ ਤੇ ਤਸਵੀਰਾਂ ਲਗੀਆਂ ਹਨ।

**ਸਰੋਤ**: ਇਹ ਲਿਖਤ ਅਤੇ ਤਸਵੀਰਾਂ ਡਾ. ਮਿਲਖਾ ਸਿੰਘ ਔਲਖ (ਜੋ ਆਪ ਪਿੰਡ ਸ਼ਾਮ ਸਿੰਘ ਅਟਾਰੀ ਦੇ ਜੰਮਪਲ ਹਨ) ਵਲੋਂ ਡਾ. ਕਿਰਪਾਲ ਸਿੰਘ ਦੀ 1978 ਦੀ ਪੁਸਤਕ, 'ਸ਼ਾਮ ਸਿੰਘ ਅਟਾਰੀਵਾਲਾ', ਖੁਸ਼ਵੰਤ ਸਿੰਘ ਦੀ ਪੁਸਤਕ 'ਏ ਹਿਸਟਰੀ ਔਫ ਸਿੱਖਸ, ਵੌਲੀਅਮ 2: 1839-2004' ਅਤੇ ਹੋਰ ਸਰੋਤਾਂ ਦੇ ਅਧਿਐਨ ਅਤੇ ਨਿਜੀ ਦੌਰਿਆਂ ਤੇ ਅਧਾਰਤ ਹਨ। ਇਨ੍ਹਾਂ ਪੁਸਤਕਾਂ ਤੇ ਯਾਦਗਾਰਾਂ ਦੇ ਅਧਿਐਂਨ ਪਿਛੋਂ ਇੰਜ ਲਗਦਾ ਹੈ ਕਿ ਸਰਦਾਰ ਸ਼ਾਮ ਸਿੰਘ ਦੀ ਸਿੱਖ-ਰਾਜ ਲਈ ਯੋਗਦਾਨ ਦੀ ਮਹੱਤਤਾ ਤੇ ਵਿਅਕੀਗਤ ਜੀਵਨ ਬਾਰੇ ਵਿਰਾਸਤ ਨੂੰ ਬਰਕਰਾਰ ਰੱਖਣ ਲਈ ਸਾਹਿਤ ਦੇ ਡੂੰਘੇ ਅਧਿਐਂਨਾਂ ਦੀ ਜ਼ਰੂਰਤ ਹੈ।

ਬਹਾਦਰ ਅਤੇ ਦਲੇਰ ਜਰਨੈਲ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦੀਆਂ ਯਾਦਗਾਰਾਂ ਤੇ ਅਜਾਇਬ ਘਰਾਂ ਨੂੰ ਸੰਭਾਲ ਕੇ ਰੱਖਣ ਦੀ ਲੋੜ ਹੈ ਤਾਕਿ ਆਉਣ ਵਾਲੀਆਂ ਪੀੜੀਆਂ ਨੂੰ ਪੁਰਖਿਆਂ ਬਾਰੇ ਦਸਿਆ ਜਾ ਸਕੇ।





**ਡਾ. ਮਿਲਖਾ ਸਿੰਘ** **ਡਾ. ਕਾਬਲ ਸਿੰਘ**

# Khalsa General Sardar Sham Singh Atariwala

Dr. Devinder Pal Singh, Mississauga, Ontario (Canada)

He rose before the sun had spoken,
Where prayers are whispered, never broken.

A white-beard, calm, yet Fire inside, Sham Singh Atariwala, The Khalsa's Pride.

Not young in years, yet young in flame,
His breath was Truth, His oath the Name,

He tied the turban, Deep blood reded, As one already by the dead.

"Today," he said, "I will not return, but cross where martyrs burn.

No fear he wore upon his face, Only Faith in the Guru's Grace.

Cannons roared at Sobraon's plain, earth split, sky in pain. Yet through the smoke, A lion strode, walking calmly On the Martyr's road.

No crown he sought, No plea he made,
Before any foreign power He never swayed,

With shattered ranks and dying light, Stood a hymn amid the Fight.

Steel met flesh, and time stood still, As destiny bent to human will and when he fell, the ground grew blessed,

For Khalsa, blood had sealed The final Test.

O General clad in sacrifice, Your life is the highest form of Price,
For as long as Sikhs with courage stand,

Your name will Guard the Motherland.

Sing not of the loss and Speak not of the end,

For martyrs rise, they do not bend, In every heart where the Truth is sworn,

Sardar Sham Singh Atariwala is reborn.



# ਸਿੱਖ ਕੌਮ ਦਾ ਪਹਿਲਾ ਬਾਦਸ਼ਾਹ: ਬਾਬਾ ਬੰਦਾ ਸਿੰਘ ਬਹਾਦਰ

**ਸਰਦਾਰਨੀ ਗੁਰਨਾਮ ਕੌਰ, ਕੈਲਗਰੀ (ਕੈਨੇਡਾ)**

ਸਿੱਖ ਕੌਮ ਦਾ ਮਹਾਂ ਨਾਇਕ, ਜਿਸ ਨੇ ਏਸ਼ੀਆ ਦੀ ਸਭ ਤੋਂ ਸ਼ਕਤੀਸ਼ਾਲੀ ਸਲਤਨਤ ਦਾ ਤਖ਼ਤਾ ਪਲਟ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਦਾ ਥਾਪੜਾ, ਪੰਜ ਤੀਰ, ਪੰਜ ਸਲਾਹਕਾਰ, ਵੀਹ ਕੁ ਸਹਿਯੋਗੀ, ਇੱਕ ਨਗਾਰਾ ਅਤੇ ਇੱਕ ਨਿਸ਼ਾਨ ਸਾਹਿਬ ਲੈ ਕੇ ਤਕਰੀਬਨ ਅੱਠ ਸੌ ਸਾਲ ਪੁਰਾਣੀ ਮੁਗਲ ਹਕੂਮਤ, ਜਿਸ ਕੋਲ ਕਈ ਲੱਖਾਂ ਦੀ ਗਿਣਤੀ ਵਿੱਚ ਸ਼ਾਹੀ ਫੌਜਾਂ, ਤੋਪਾਂ, ਹੋਰ ਮਾਰੂ ਹਥਿਆਰ ਅਤੇ ਘੋੜੇ ਹਾਥੀਆਂ ਦੀ ਭਰਮਾਰ ਸੀ, ਦਾ ਟਾਕਰਾ ਕਰਨ ਲਈ ਹਜ਼ੂਰ ਸਾਹਿਬ ਤੋਂ ਤੁਰ ਪਿਆ। ਥੋੜੇ ਸਮੇਂ ਵਿੱਚ ਹੀ ਮੁਗਲੀਆ ਥੰਮ੍ਹ ਢਹਿ ਢੇਰੀ ਕਰਕੇ ਸਿੱਖ ਰਾਜ ਕਾਇਮ ਕਰ ਦਿੱਤਾ ਪਰ ਆਪਣੇ ਆਪ ਨੂੰ ਕਦੇ ਵੀ ਬਾਦਸ਼ਾਹ ਨਹੀਂ ਅਖਵਾਇਆ। ਨਾ ਕਦੇ ਸਿੰਘਾਸਨ ਤੇ ਬੈਠਾ। ਨਾ ਹੀ ਆਪਣੇ ਨਾਂ ਦੀ ਮੋਹਰ ਚਲਾਈ। ਆਪਣੀ ਫਤਿਹ ਨੂੰ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੀ ਮਿਹਰ ਕਿਹਾ।

ਦੇਗੋ ਤੇਗੋ ਫਤਿਹ ਓ ਨੁਸਰਤਿ ਬੇ ਦਿਰੰਗ।
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

**ਜਨਮ ਅਤੇ ਗੁਰੂ ਧਾਰਨਾ:**

ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਜਨਮ ਰਾਜਪੂਤ ਰਾਮਦੇਵ ਭਾਰਦਵਾਜ ਦੇ ਘਰ 1670 ਈਸਵੀ ਨੂੰ ਕਸ਼ਮੀਰ ਦੇ ਇੱਕ ਪਿੰਡ ਰਾਜੌਰੀ ਵਿੱਚ ਹੋਇਆ। ਉਸ ਦਾ ਨਾਂ ਲਛਮਣ ਦਾਸ ਰਖਿਆ ਗਿਆ।



ਗਿਆਰਾਂ ਸਾਲ ਦੀ ਉਮਰ ਵਿੱਚ ਸ਼ਿਕਾਰ ਖੇਡਦਿਆਂ ਇੱਕ ਹਿਰਨੀ ਮਾਰ ਦਿੱਤੀ ਜਿਸ ਦੇ ਪੇਟ ਵਿਚੋਂ ਨਿਕਲੇ ਦੋ ਬੱਚੇ ਇਸ ਦੀਆਂ ਅੱਖਾਂ ਦੇ ਸਾਹਮਣੇ ਤੜਪ ਤੜਪ ਕੇ ਮਰ ਗਏ। ਇਹ ਇਸ ਦੀ ਜ਼ਿੰਦਗੀ ਦਾ ਮੋੜ ਸੀ। ਇਸ ਦੀ ਉਦਾਸੀ ਦੂਰ ਕਰਨ ਲਈ ਮਾਪਿਆਂ ਨੇ ਸਾਧਾਂ ਸੰਤਾਂ ਦਾ ਸਹਾਰਾ ਲਿਆ। ਇੱਕ ਬੈਰਾਗੀ ਸਾਧੂ ਜਾਨਕੀ ਦਾਸ ਨਾਲ ਮੇਲ ਹੋਇਆ। ਇਸ ਨੇ ਉਸ ਨੂੰ ਆਪਣਾ ਗੁਰੂ ਧਾਰ ਲਿਆ। ਬੈਰਾਗੀਆਂ ਦੀ ਪਰੰਪਰਾ ਅਨੁਸਾਰ ਇਸ ਦਾ ਨਾਂ ਮਾਧੋ ਦਾਸ ਬੈਰਾਗੀ ਰੱਖ ਦਿੱਤਾ। ਬਾਅਦ ਵਿੱਚ ਇਸ ਨੇ ਸਮਰੱਥ ਰਾਮਦਾਸ ਉਦਾਸੀ ਨੂੰ ਗੁਰੂ ਧਾਰ ਲਿਆ ਜਿਸ ਨੇ ਗੋਸ਼ਟੀ ਵਿੱਚ ਜਾਨਕੀ ਦਾਸ ਨੂੰ ਹਰਾ ਦਿੱਤਾ ਸੀ। ਇਸ ਦੇ ਨਾਂ ਨਾਲ ਉਦਾਸੀ ਲੱਗ ਗਿਆ। ਸਮਰੱਥ ਰਾਮਦਾਸ ਦੀ ਮੌਤ ਤੋਂ ਬਾਅਦ ਰਿੱਧੀਆਂ ਸਿੱਧੀਆਂ ਅਤੇ ਤਾਂਤਰਿਕ ਵਿੱਦਿਆ ਦੇ ਮਾਹਿਰ ਔਘੜ ਨਾਥ ਨੂੰ ਗੁਰੂ ਧਾਰਨ ਕਰ ਲਿਆ। ਅਤੇ ਉਸ ਤੋਂ ਯੋਗ ਵਿਦਿਆ ਦੇ ਸਾਰੇ ਦਾਅ ਪੇਚ ਸਿੱਖ ਲਏ। ਚੇਲੇ ਚਾਟੜੇ ਬਹੁਤ ਬਣ ਗਏ। ਇਸ ਨੂੰ ਹੰਕਾਰ ਹੋ ਗਿਆ।

ਸਾਧੂ ਸੰਤਾਂ ਤੇ ਤੰਤਰ ਮੰਤਰ ਅਜ਼ਮਾਉਣ ਲੱਗ ਪਿਆ।

ਗੁਰੂ ਗੋਬਿੰਦ ਸਿੰਘ ਜੀ ਵੀ ਕੁਝ ਸਿੰਘਾਂ ਸਮੇਤ ਨਾਂਦੇੜ ਸਾਹਿਬ ਪਹੁੰਚੇ ਹੋਏ ਸਨ। ਗੁਰੂ ਨਾਨਕ ਜੀ ਦਾ ਫੁਰਮਾਨ ਹੈ: ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ॥ ਅੰਗ 1240 ॥

ਰਾਜਾ ਆਪਣੀ ਮੌਜ ਮਸਤੀ ਅਤੇ ਜ਼ਮੀਨ ਤੇ ਕਬਜ਼ਾ ਕਰਨ ਦੇ ਆਹਰ ਵਿੱਚ ਲੱਗਾ ਹੋਇਆ ਇਹ ਭੁੱਲ ਗਿਆ ਸੀ ਕਿ ਆਮ ਪਰਜਾ ਜ਼ੁਲਮਾਂ ਦੀ ਚੱਕੀ ਵਿੱਚ ਪਿਸ ਰਹੀ ਹੈ। ਜਿਸ ਗੁਰੂ ਦੀ ਮਦਦ ਨਾਲ ਬਹਾਦਰ ਸ਼ਾਹ ਰਾਜਾ ਬਣਿਆ ਸੀ ਉਸ ਨੂੰ ਭਰਮਾਉਣ ਲਈ ਅਤੇ ਹੰਕਾਰ ਵੱਸ ਗੋਦਾਵਰੀ ਦੇ ਕੰਢੇ ਹੀਰਾ ਭੇਟ ਕਰਦਾ ਹੈ। ਗੁਰੂ ਸਾਹਿਬ ਉਸ ਹੀਰੇ ਨੂੰ ਗੋਦਾਵਰੀ ਨਦੀ ਵਿੱਚ ਸੁੱਟ ਕੇ ਉਸ ਨੂੰ ਆਪਣਾ ਹੀਰਾ ਪਛਾਨਣ ਲਈ ਕਹਿੰਦੇ ਹਨ। ਉਸੇ ਗੋਦਾਵਰੀ ਦੇ ਕੰਢੇ ਤੋਂ ਜਿਥੇ ਅੱਜ ਕੱਲ੍ਹ ਬੰਦਾ ਘਾਟ ਹੈ, ਕਰਾਮਾਤਾਂ ਅਤੇ ਰਿਧੀਆਂ ਸਿਧੀਆਂ ਦੀ ਦਲਦਲ ਵਿੱਚ ਫ਼ਸੇ ਹੋਏ ਮਾਧੋ ਦਾਸ ਦੇ ਅਸਥਾਨ ਤੇ ਗਏ ਅਤੇ ਉਸ ਦੇ ਪਲੰਘ ਤੇ ਸਜ ਗਏ। ਮਾਧੋ ਦਾਸ ਬਹੁਤ ਗੁੱਸੇ ਵਿੱਚ ਆਇਆ ਅਤੇ ਤੰਤਰਾਂ ਮੰਤਰਾਂ ਨਾਲ ਪਲੰਘ ਨੂੰ ਉਲਟਾਉਣ ਦੀ ਕੋਸ਼ਿਸ਼ ਕੀਤੀ ਪਰ ਕੋਈ ਵਸ ਨਹੀਂ ਚਲਿਆ ਅੰਤ ਪੈਰਾਂ ਵਿੱਚ ਡਿੱਗ ਪਿਆ।

ਗੁਰੂ ਸਾਹਿਬ ਨੇ ਪੁਛਿਆ ਤੂੰ ਕੌਣ ਹੈਂ ਤਾਂ ਉਸ ਦਾ ਜਵਾਬ ਸੀ ਮੈਂ ਤੇਰਾ ਬੰਦਾ ਹਾਂ। ਉਥੇ ਸਿੰਘਾਂ ਨੇ ਬੱਕਰੇ ਵੀ ਝਟਕਾਏ ਸਨ। ਮਾਧੋ ਦਾਸ ਨੇ ਗੁਰੂ ਸਾਹਿਬ ਨੂੰ ਕਿਹਾ ਖ਼ੂਨ ਡੋਲ੍ਹ ਕੇ ਤੁਸੀਂ ਮੇਰਾ ਆਸ਼ਰਮ ਪਲੀਤ ਕਰ ਦਿੱਤਾ ਹੈ। ਗੁਰੂ ਸਾਹਿਬ ਨੇ ਕਿਹਾ ਜਿਹੜੇ ਦੇਸ਼ ਵਿੱਚ ਮਜ਼ਲੂਮਾਂ ਦਾ ਖ਼ੂਨ ਡੁੱਲ ਰਿਹਾ ਹੈ ਉਸ ਦੇ ਕੋਨੇ ਵਿੱਚ ਤੇਰਾ ਆਸ਼ਰਮ ਕਿਵੇਂ ਪਵਿੱਤਰ ਰਹਿ ਸਕਦਾ ਹੈ। ਉਸ ਨੂੰ ਮਾਸੂਮ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਗੱਲ ਦੱਸੀ। ਫਿਰ ਮਾਧੋ ਦਾਸ ਨੂੰ ਅੰਮ੍ਰਿਤ ਦੀ ਦਾਤ ਬਖਸ਼ ਬੰਦਾ ਸਿੰਘ ਬਹਾਦਰ ਬਣਾ ਦਿੱਤਾ।

ਉਹ ਗੁਰੂ ਜੀ ਦਾ ਬੰਦਾ (ਗੁਲਾਮ) ਵੀ ਹੈ, ਬਹਾਦਰ ਵੀ ਅਤੇ ਬਾਦਸ਼ਾਹ ਵੀ। ਗੁਰੂ ਸਾਹਿਬ ਨੇ ਇੱਕ ਨਿਸ਼ਾਨ ਸਾਹਿਬ ਦੇ ਕੇ ਥਾਪੜਾ ਦਿੱਤਾ ਅਤੇ ਜ਼ੁਲਮੀ ਰਾਜ ਦੀਆਂ ਜੜ੍ਹਾਂ ਪੁੱਟਣ ਲਈ ਪੰਜਾਬ ਵੱਲ ਤੋਰਿਆ। ਗੁਰੂ ਸਾਹਿਬ ਤੇ ਪੂਰਨ ਭਰੋਸੇ ਦੀ ਦਾਸਤਾਨ ਹੈ। ਇੱਕ ਵਾਰੀ ਵੀ ਸੁਆਲ ਨਹੀਂ ਕੀਤਾ ਕਿ ਐਨੀ ਵੱਡੀ ਸਲਤਨਤ ਦਾ ਮੁਕਾਬਲਾ ਪੰਜ ਤੀਰਾਂ ਨਾਲ ਕਿਵੇਂ ਕਰਾਂਗਾ। ਗੁਰੂ ਸਾਹਿਬ ਨੇ ਨਾਲ ਹੀ ਹੁਕਮਨਾਮੇ ਭੇਜੇ ਕਿ ਬੰਦਾ ਸਿੰਘ ਦਾ ਸਾਥ ਦਿਓ। ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਰੋਸ ਲੋਕਾਂ ਵਿੱਚ ਸੀ ਅਤੇ ਉਹ ਜੁੜਦੇ ਗਏ। ਘਰਾਂ ਵਿੱਚੋਂ ਨੇਜੇ, ਬਰਛੇ, ਟਾਕੂਏ, ਗੰਡਾਸੇ, ਜੰਗ ਲੱਗੀਆਂ ਤਲਵਾਰਾਂ ਅਤੇ ਹੋਰ ਹਥਿਆਰ ਚੁੱਕ ਕੇ ਤੁਰ ਪਏ। ਭਰਤਪੁਰ ਦੇ ਲੁਬਾਣਿਆਂ ਨੇ ਪੰਜ ਸੌ ਰੁਪਏ ਦਿੱਤੇ। ਪਿੰਡ ਬਾਂਗਰ ਨੂੰ ਲੁਟੇਰਿਆਂ ਤੇ ਸਾਥੀਆਂ ਸਮੇਤ ਬੰਦਾ ਸਿੰਘ ਬਹਾਦਰ ਨੇ ਛੁਡਾ ਕੇ ਲੋਕਾਂ ਦਾ ਦਿਲ ਜਿੱਤ ਲਿਆ।

ਇਸ ਤੋਂ ਬਾਅਦ ਸਮਾਣੇ ਤੇ ਹਮਲਾ ਕੀਤਾ। ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਵਾਲਾ ਜਲਾਦ ਜਲਾਲੂਦੀਨ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲੇ ਛਾਛਲ ਬੇਗ ਅਤੇ ਬਾਸ਼ਲ ਬੇਗ ਸਮਾਣੇ ਦੇ ਹੀ ਵਸਨੀਕ ਸਨ। ਸਮਾਣਾ ਉਸ ਸਮੇਂ ਐਨਾ ਅਮੀਰ ਸੀ ਕਿ ਬਾਈ ਪਰੀਵਾਰਾਂ ਕੋਲ ਪਾਲਕੀਆਂ ਸਨ। ਸਮਾਣੇ ਨੂੰ ਢਹਿਢੇਰੀ ਕਰਕੇ ਉਥੋਂ ਪ੍ਰਾਪਤ ਹੋਏ ਲੱਖਾਂ ਰੁਪਏ ਅਪਣੀਆਂ ਫੌਜਾਂ ਵਿੱਚ ਵੰਡ ਦਿੱਤੇ। ਮੁਸਕਾਬਾਦ ਤੇ ਹਮਲਾ ਕਰਕੇ ਉਥੋਂ ਤੋਪਾਂ ਲੁੱਟੀਆਂ। ਪਿੰਡ ਕਪੂਰੀ ਅਤੇ ਆਸ ਪਾਸ ਦੇ ਲੋਕਾਂ ਨੇ ਬੰਦਾ ਸਿੰਘ ਬਹਾਦਰ ਨੂੰ ਉਥੋਂ ਦੇ ਨਵਾਬ ਕਦਮੂਦੀਨ ਦੇ ਜ਼ੁਲਮਾਂ ਦੀ ਦਾਸਤਾਨ ਸੁਣਾਈ ਜੋ ਵਿਆਹ ਵਾਲੀ ਹਰ ਇੱਕ ਹਿੰਦੂ ਕੁੜੀ ਦਾ ਡੋਲਾ ਪਹਿਲਾਂ ਆਪਣੀ ਹਵੇਲੀ ਵਿੱਚ ਲੈ ਕੇ ਜਾਂਦਾ ਸੀ। ਕਦਮੂਦੀਨ ਨੂੰ ਮਾਰ ਕੇ ਉਸ ਦੀ ਹਵੇਲੀ ਨੂੰ ਅੱਗ ਲਾ ਦਿੱਤੀ ਤੇ ਬੰਦਾ ਸਿੰਘ ਨੇ ਸਢੌਰੇ ਨੂੰ ਨਿਸ਼ਾਨਾ ਬਣਾਇਆ।

ਜਿਥੇ ਗੁਰੂ ਜੀ ਦੇ ਅਨਿੰਨ ਸੇਵਕ ਪੀਰ ਬੁੱਧੂਸ਼ਾਹ ਨੂੰ ਉਸਮਾਨ ਖ਼ਾਨ ਨੇ ਅਣਮਨੁੱਖੀ ਤਸੀਹੇ ਦੇ ਕੇ ਸ਼ਹੀਦ ਕੀਤਾ। ਪੀਰ ਬੁੱਧੂਸ਼ਾਹ ਨੇ ਪਉਂਟਾ ਸਾਹਿਬ ਦੀ ਲੜਾਈ ਸਮੇਂ ਗੁਰੂ ਜੀ ਦਾ ਸਾਥ ਦਿੱਤਾ ਸੀ ਜਿਸ ਵਿੱਚ ਉਨ੍ਹਾਂ ਦੇ ਦੋ ਬੇਟੇ ਅਤੇ ਸੈਂਕੜੇ ਹੀ ਮੁਰੀਦ ਸ਼ਹੀਦ ਹੋ ਗਏ ਸਨ। ਇਸੇ ਕਾਰਨ ਪੀਰ ਬੁੱਧੂਸ਼ਾਹ ਨੂੰ ਕਿ ਤੂੰ ਇੱਕ ਕਾਫ਼ਰ ਦਾ ਸਾਥ ਦਿੱਤਾ ਹੈ, ਟੋਆ ਪੁੱਟ ਕੇ ਧਰਤੀ ਵਿੱਚ ਗੱਡ ਦਿੱਤਾ ਸੀ, ਇਕੱਲਾ ਸਿਰ ਨੰਗਾ ਰੱਖਿਆ ਸੀ, ਜਿਸ ਉੱਤੇ ਗਰਮ ਗੁੜ ਪਾਕੇ ਉੱਤੋਂ ਜੰਗਲੀ ਕੁੱਤੇ ਛੱਡ ਦਿੱਤੇ ਤਾਂ ਕਿ ਨੋਚ ਨੋਚ ਕੇ ਖਾ ਜਾਣ।

ਅਗਲੀ ਵਾਰੀ ਸਰਹੰਦ ਦੀ ਸੀ। ਵਜ਼ੀਰ ਖਾਨ ਨੂੰ ਬੰਦਾ ਸਿੰਘ ਦੇ ਹਮਲਿਆਂ ਦੀ ਸੂਹ ਮਿਲਦੀ ਰਹੀ। ਉਹ ਪਹਿਲਾਂ ਹੀ ਚੜ੍ਹਾਈ ਕਰਕੇ ਚੱਪੜ ਚਿੜੀ ਪਹੁੰਚ ਗਿਆ। ਸਿੱਖਾਂ ਨੂੰ ਧਰਮ ਯੁੱਧ ਦਾ ਚਾਅ, ਉਤਸ਼ਾਹ ਅਤੇ ਸਾਹਸ ਸੀ ਜੋ ਸਰਹੰਦ ਦਾ ਨਾਂ ਸੁਣਦਿਆਂ ਹੀ ਜੋਸ਼ ਨਾਲ ਭਰ ਗਏ ਸਨ। ਇਥੇ ਗਹਿ ਗਚਵੀਂ ਲੜਾਈ ਹੋਈ। ਤਨਖਾਹਦਾਰ ਮੁਸਲਿਮ ਫੌਜੀ ਮੈਦਾਨ ਛੱਡ ਕੇ ਭੱਜ ਗਏ। ਗੁਰੂ ਨੂੰ ਇਸ਼ਕ ਕਰਨ ਵਾਲੇ ਸਿਦਕੀ, ਸਿਰੜੀ ਅਤੇ ਸਿਰਲੱਥ ਯੋਧਿਆਂ ਦੀ ਫਤਿਹ ਹੋਈ। ਭਾਈ ਬਾਜ਼ ਸਿੰਘ ਅਤੇ ਭਾਈ ਫਤਿਹ ਸਿੰਘ ਨੇ ਜ਼ੁਲਮੀ ਵਜ਼ੀਰ ਖਾਨ ਨੂੰ ਮਾਰ ਕੇ ਘੋੜੇ ਦੇ ਮਗਰ ਬੰਨ੍ਹ ਕੇ ਘਸੀਟਦੇ ਹੋਏ ਸਰਹੰਦ ਲੈਕੇ ਆਏ, ਜਿਥੇ ਉਸਨੂੰ ਦਰਖਤ ਨਾਲ ਪੁੱਠਾ ਲਟਕਾ ਕੇ ਥੱਲੇ ਅੱਗ ਲਾ ਦਿੱਤੀ। ਇੱਲ੍ਹਾਂ ਕਾਵਾਂ ਨੇ ਉਸ ਦਾ ਮਾਸ ਨੋਚ ਨੋਚ ਖਾਧਾ। ਸੁੱਚਾ ਨੰਦ ਦੇ ਨੱਕ ਵਿੱਚ ਨਕੇਲ ਪਾਕੇ ਸ਼ਹਿਰ ਵਿੱਚ ਘੁੰਮਾਇਆ। ਸਰਹੰਦ ਪਹੁੰਚ ਕੇ ਬੰਦਾ ਸਿੰਘ ਉਨ੍ਹਾਂ ਨੀਹਾਂ ਦੀਆਂ ਇੱਟਾਂ ਤੇ ਸਿਰ ਰੱਖ ਕੇ ਬਹੁਤ ਰੋਇਆ। ਇਥੋਂ ਹੀ ਸਿੱਖ ਰਾਜ ਦੀ ਨੀਂਹ ਰੱਖੀ ਜਾਂਦੀ ਹੈ। ਬੰਦਾ ਸਿੰਘ ਬਹਾਦਰ ਨੇ ਭਾਈ ਬਾਜ਼ ਸਿੰਘ ਨੂੰ ਸਰਹੰਦ ਦਾ ਹਾਕਮ ਨਿਯੁਕਤ ਕੀਤਾ ਅਤੇ ਆਲੀ ਸਿੰਘ ਨੂੰ ਉਸ ਦਾ ਨਾਇਬ ਬਣਾਇਆ। ਭਾਈ ਫਤਿਹ ਸਿੰਘ ਨੂੰ ਸਮਾਣੇ ਦਾ ਹਾਕਮ ਪੱਕਾ ਕਰ ਦਿੱਤਾ। ਇਸ ਤਰ੍ਹਾਂ ਥੋੜੇ ਦਿਨਾਂ ਵਿੱਚ ਹੀ ਛੱਤੀ ਲੱਖ ਸਲਾਨਾ ਦੇ ਸਾਰੇ ਪਰਗਣੇ ਸਿੰਘਾਂ ਦੇ ਕੋਲ ਆ ਗਏ। ਪੰਜਾਬ ਸਿੱਖਾਂ ਦੇ ਰਾਜ ਵਿੱਚ ਸ਼ਾਮਲ ਹੋ ਗਿਆ। ਫਿਰ ਬੰਦਾ ਸਿੰਘ ਮਲੇਰਕੋਟਲੇ ਗਏ ਜਿਥੇ ਬੀਬੀ ਅਨੂਪ ਕੌਰ, ਜਿਸ ਨੂੰ ਨਵਾਬ ਮਲੇਰਕੋਟਲਾ ਚੁੱਕ ਕੇ ਲੈ ਗਿਆ ਸੀ, ਪਰ ਬੀਬੀ ਨੇ ਆਪਣੀ ਇੱਜਤ ਬਚਾਉਣ ਲਈ ਛੁਰਾ ਖੁਭੋ ਕੇ ਖੁਦਕੁਸ਼ੀ ਕਰ ਲਈ ਸੀ। ਉਸ ਦੀ ਲਾਸ਼ ਨੂੰ ਕਬਰ ਵਿਚੋਂ ਕੱਢ ਕੇ ਸਿੱਖ ਰਹਿਤ ਮਰਯਾਦਾ ਅਨੁਸਾਰ ਉਸ ਦਾ ਸਸਕਾਰ ਕੀਤਾ। ਮੁਖਲਿਸ ਗੜ੍ਹ ਦੇ ਕਿਲੇ ਤੇ ਕਬਜ਼ਾ ਕਰ ਕੇ ਇਸ ਦਾ ਨਾਂ ਲੋਹ ਗੜ੍ਹ ਰੱਖਿਆ ਜੋ ਸਿਖਾਂ ਦੇ ਨਵੇਂ ਰਾਜ ਦੀ ਰਾਜਧਾਨੀ ਵਜੋਂ ਸਥਾਪਿਤ ਕੀਤਾ ਗਿਆ। ਸਰਹੰਦ ਤੋਂ ਲੁੱਟਿਆ ਦੋ ਕਰੋੜ ਰੁਪਇਆ ਲੋਹ ਗੜ੍ਹ ਦੇ ਕਿਲੇ ਦੀ ਮੁਰੰਮਤ ਤੇ ਲਾ ਦਿੱਤਾ। ਇਥੋਂ ਹੀ ਉਸ ਨੇ ਖਾਲਸਾ ਰਾਜ ਦਾ ਇੱਕ ਸਿੱਕਾ, ਇੱਕ ਮੋਹਰ ਅਤੇ ਇੱਕ ਕਲੰਡਰ ਜਾਰੀ ਕੀਤੇ। ਪਰ ਆਪਣਾ ਨਾਂ ਨਹੀਂ ਵਰਤਿਆ। ਸਭ ਕੁਝ ਗੁਰੂ ਦੇ ਨਾਂ ਤੇ। ਕਿਸਾਨਾਂ ਨੂੰ ਜਗੀਰਦਾਰੀ ਪ੍ਰਬੰਧ ਤੋਂ ਮੁਕਤ ਕਰਾ ਕੇ ਮਾਲਕ ਬਣਾ ਦਿੱਤਾ ਅਤੇ ਲੋਕਾਂ ਨੂੰ ਸੁਤੰਤਰਤਾ ਦਾ ਅਹਿਸਾਸ ਕਰਵਾਇਆ। ਜਾਤ ਪਾਤੀ, ਧਰਮ, ਨਸਲ ਦੇ ਬੰਧਨਾਂ ਨੂੰ ਤੋੜਿਆ। ਅਖੌਤੀ ਨੀਚ ਜਾਤਾਂ ਨੂੰ ਉੱਚ ਪਦਵੀਆਂ ਦਿਤੀਆਂ। ਸਿੱਖਾਂ ਦਾ ਉਹ ਪਹਿਲਾ ਬਾਦਸ਼ਾਹ ਸੀ ਜਿਸ ਪਾਸ ਬਹਾਦਰੀ, ਰੂਹਾਨੀਅਤ ਅਤੇ ਯੁੱਧ ਨੀਤੀ ਸੀ। ਦਿੱਲੀ ਦੇ ਬਾਦਸ਼ਾਹ ਬਹਾਦਰ ਸ਼ਾਹ ਨੇ ਫੌਜਾਂ ਭੇਜ ਕੇ ਲੋਹ ਗੜ੍ਹ ਦੇ ਕਿਲੇ ਨੂੰ ਘੇਰਾ ਪਾ ਲਿਆ। ਪਰ ਬੰਦਾ ਸਿੰਘ ਨਿਕਲ ਗਿਆ, ਉਸ ਦਾ ਵਾਲ ਵੀ ਵਿੰਗਾ ਨਹੀਂ ਕਰ ਸਕੇ। ਬਾਦਸ਼ਾਹ ਬਹੁਤ ਡਰ ਗਿਆ। ਉਸ ਨੇ ਦਿੱਲੀ ਦੇ ਸਾਰੇ ਕੁੱਤੇ ਅਤੇ ਗਧੇ ਮਰਵਾ ਦਿੱਤੇ, ਕਿ ਜਦੋਂ ਗਧੇ ਹਿਣਕਦੇ ਹਨ, ਮੈਨੂੰ ਸਿੱਖਾਂ ਦੇ ਘੋੜਿਆਂ ਦੀਆਂ ਅਵਾਜ਼ਾਂ ਲੱਗਦੀਆਂ ਹਨ।

ਉਹ ਡਰ ਨਾਲ ਪਾਗ਼ਲ ਹੋ ਕੇ ਹੀ ਮਰ ਗਿਆ। ਫਿਰ ਉਸਦਾ ਭਤੀਜਾ ਫਰਕਸੀਅਰ ਦਿੱਲੀ ਦੇ ਤਖ਼ਤ ਤੇ ਬੈਠਾ ਤਾਂ ਉਸ ਨੇ ਆਉਂਦਿਆਂ ਹੀ ਬੰਦਾ ਸਿੰਘ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿੱਤੇ। ਲਾਹੌਰ ਦੇ ਗਵਰਨਰ ਅਬਦੁਲ ਸਮੱਦ ਖਾਨ, ਉਸਦਾ ਪੁੱਤਰ ਜ਼ਕਰੀਆ ਖ਼ਾਨ ਅਤੇ ਦਿੱਲੀ ਦਾ ਫ਼ੌਜਦਾਰ ਕਮਰੂਦੀਨ ਮੀਰ ਆਤਿਸ਼ ਨੇ ਗੁਰਦਾਸ ਨੰਗਲ ਦੀ ਗੜ੍ਹੀ ਨੂੰ ਘੇਰਾ ਪਾ ਲਿਆ। ਸਿੱਖਾਂ ਦਾ ਰਾਸ਼ਣ ਪਾਣੀ ਬੰਦ ਕਰ ਦਿਤਾ। ਸਿੱਖ ਭੇਸ ਬਦਲ ਕੇ ਇਨ੍ਹਾਂ ਦੇ ਰਾਸ਼ਣ ਲੁੱਟ ਲਿਜਾਂਦੇ ਹਨ। ਮੁਗਲਾਂ ਨੇ ਕਿਲ੍ਹੇ ਦੇ ਬਰਾਬਰ ਉੱਚੀਆਂ ਕੰਧਾਂ ਕੱਢ ਰਾਸ਼ਣ ਪਾਣੀ ਬਿਲਕੁਲ ਬੰਦ ਕਰ ਦਿੱਤਾ। ਸਿੱਖਾਂ ਨੇ ਦਰਖਤਾਂ ਦੇ ਪੱਤੇ ਅਤੇ ਛਿੱਲੜ ਖਾ ਕੇ ਗੁਜ਼ਾਰਾ ਕੀਤਾ। ਘੋੜੇ ਅਤੇ ਹੋਰ ਜਾਨਵਰ ਮਾਰ ਕੇ ਮਾਸ ਵੀ ਖਾਧਾ। ਪਰ ਬਦਬੂ ਅਤੇ ਬਿਮਾਰੀ ਵੀ ਫ਼ੈਲ ਗਈ। ਬੰਦਾ ਸਿੰਘ ਅਤੇ ਬਾਬਾ ਵਿਨੋਦ ਸਿੰਘ ਵਿੱਚ ਮਤਭੇਦ ਹੋ ਗਏ। ਵਿਨੋਦ ਸਿੰਘ ਬਾਹਰ ਜਾਣਾ ਚਾਹੁੰਦਾ ਸੀ, ਪਰ ਬੰਦਾ ਸਿੰਘ ਅੰਦਰ ਰਹਿਣ ਲਈ ਅੜਿਆ ਸੀ। ਵਿਨੋਦ ਸਿੰਘ ਦੇ ਬੇਟੇ ਭਾਈ ਕਾਨ੍ਹ ਸਿੰਘ ਨੇ ਸਮਝੋਤਾ ਕਰਵਾ ਦਿੱਤਾ ਕਿ ਜਿਸ ਨੇ ਜਾਣਾ ਹੈ ਸੋ ਜਾਵੇ। ਇਸ ਤਰ੍ਹਾਂ ਬਾਬਾ ਵਿਨੋਦ ਸਿੰਘ ਗੜ੍ਹੀ ਤੋਂ ਬਾਹਰ ਚਲਾ ਗਿਆ। ਅੱਠ ਮਹੀਨਿਆਂ ਬਾਅਦ ਜਦੋਂ ਮੁਗਲ ਫੌਜ ਵੀ ਅੱਕ ਗਈ ਤਾਂ ਉਨ੍ਹਾਂ ਨੇ ਇੱਕ ਚਾਲ ਖੇਡੀ। ਕੁਰਾਨ ਸ਼ਰੀਫ ਦੀ ਸੌਂਹ ਖਾ ਕੇ ਬੰਦਾ ਸਿੰਘ ਬਹਾਦਰ ਨੂੰ ਕਿਲਾ ਛੱਡਣ ਦੀ ਪੇਸ਼ਕਸ਼ ਕੀਤੀ ਕਿ ਤੁਹਾਨੂੰ ਕੁਝ ਨਹੀਂ ਕਿਹਾ ਜਾਵੇਗਾ। ਬਾਹਰ ਨਿਕਲਦਿਆਂ ਬੰਦਾ ਸਿੰਘ ਨੂੰ ਸਾਥੀਆਂ ਸਮੇਤ ਕੈਦ ਕਰ ਲਿਆ। ਉਸ ਦੀ ਪਤਨੀ ਸੁਸ਼ੀਲ ਕੌਰ ਅਤੇ ਪੌਣੇ ਚਾਰ ਸਾਲਾਂ ਦਾ ਪੁੱਤਰ ਅਜੈ ਸਿੰਘ ਵੀ ਕੈਦੀਆਂ ਵਿੱਚ ਸ਼ਾਮਲ ਸਨ। ਬੰਦਾ ਸਿੰਘ ਨੂੰ ਸੰਗਲਾਂ ਵਿੱਚ ਜਕੜ ਕੇ ਪਿੰਜਰੇ ਵਿੱਚ ਬੰਦ ਕਰ ਕੇ ਇੱਕ ਜਲੂਸ ਦੇ ਰੂਪ ਵਿੱਚ ਦਿੱਲੀ ਲਿਜਾਇਆ ਗਿਆ। ਸਿੱਖਾਂ ਦੀ ਗਿਣਤੀ ਤਿੰਨ ਸੌ ਦੇ ਕਰੀਬ ਸੀ। ਉਹ ਵੀ ਭੁੱਖਣ ਭਾਣੇ, ਪਿੰਜਰ ਬਣੇ ਸਰੀਰ। ਮੁਗਲਾਂ ਨੇ ਸ਼ਰਮ ਮਹਿਸੂਸ ਕੀਤੀ ਕਿ ਐਨੇ ਕੁ ਸਿੱਖਾਂ ਨੂੰ ਫੜਨ ਲਈ ਐਨੀ ਵੱਡੀ ਫੌਜ, ਐਨਾ ਖਰਚਾ ਅਤੇ ਐਨਾ ਸਮਾਂ ਲਾ ਦਿੱਤਾ। ਵੱਡੀ ਗਿਣਤੀ ਦਿਖਾਉਣ ਲਈ ਆਮ ਸਿੱਖਾਂ ਅਤੇ ਬੀਬੀਆਂ ਦਾ ਕਤਲੇਆਮ ਸ਼ੁਰੂ ਹੋ ਗਿਆ। ਸਿੱਖਾਂ ਦੇ ਸਿਰ ਨੇਜ਼ਿਆਂ ਤੇ ਟੰਗ ਕੇ ਗੱਡਿਆਂ ਤੇ ਲੱਦ ਕੇ ਜਲੂਸ ਦੇ ਰੂਪ ਵਿੱਚ ਦਿੱਲੀ ਲੈ ਕੇ ਗਏ।

ਬੰਦਾ ਸਿੰਘ ਬਹਾਦਰ ਦੇ ਪੱਚੀ ਮਹਾਨ ਜਰਨੈਲਾਂ ਨੂੰ ਹਥਕੜੀਆਂ ਅਤੇ ਬੇੜੀਆਂ ਵਿੱਚ ਜਕੜ ਕੇ ਸਲੀਮ ਗੜ੍ਹ ਦੇ ਕਿਲੇ ਵਿੱਚ ਕੈਦ ਕਰ ਦਿੱਤਾ। ਇੱਕ ਦਿਨ ਵਿੱਚ ਸੌ ਸੌ ਸਿੱਖਾਂ ਨੂੰ ਕਤਲ ਕੀਤਾ ਜਾਂਦਾ ਸੀ। ਇੱਕ ਪਾਸੇ ਕਾਜ਼ੀ ਕੁਰਾਨ ਸ਼ਰੀਫ ਲੈ ਕੇ ਖੜਦਾ ਸੀ ਕਿ ਜਿਹੜੇ ਧਰਮ ਬਦਲਣ ਲਈ ਮੰਨ ਜਾਣਗੇ ਉਨ੍ਹਾਂ ਨੂੰ ਕਲਮਾ ਪੜ੍ਹਾਇਆ ਜਾਵੇਗਾ ਅਤੇ ਦੂਜੇ ਪਾਸੇ ਜਲਾਦ ਹੱਥ ਵਿੱਚ ਤਲਵਾਰ ਲੈ ਕੇ ਖੜਦਾ ਸੀ। ਇੱਕ ਵੀ ਸਿੱਖ ਨੇ ਧਰਮ ਨਹੀਂ ਬਦਲਿਆ। ਉਨ੍ਹਾਂ ਵਿੱਚ ਇੱਕ ਸਤਾਰਾਂ ਕੁ ਸਾਲ ਦਾ ਨੌਜਵਾਨ, ਜਿਸ ਦਾ ਹੁਣੇ ਹੀ ਵਿਆਹ ਹੋਇਆ ਸੀ। ਮਾਂ ਅਜੇ ਪਾਣੀ ਹੀ ਵਾਰ ਰਹੀ ਸੀ ਕਿ ਮੁਗ਼ਲ ਚੁੱਕ ਕੇ ਲੈ ਗਏ। ਉਸ ਦੀ ਵਿਧਵਾ ਮਾਂ ਵਿਰਲਾਪ ਕਰਦੀ ਆਈ ਕਿ ਮੇਰਾ ਪੁੱਤਰ ਸਿੱਖ ਨਹੀਂ ਹੈ। ਇਸ ਨੂੰ ਛੱਡ ਦਿਓ। ਪੁੱਤਰ ਦਾ ਜਵਾਬ ਸੀ। ਮੇਰੀ ਮਾਂ ਝੂਠ ਬੋਲ ਰਹੀ ਹੈ। ਮੇਰੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਹਨ ਅਤੇ ਮਾਤਾ ਸਾਹਿਬ ਕੌਰ ਜੀ ਹਨ। ਮੈਨੂੰ ਵੀ ਛੇਤੀ ਸ਼ਹੀਦ ਕਰੋ।

ਬੰਦਾ ਸਿੰਘ ਬਹਾਦਰ ਦੀ ਇਹ ਲਾਸਾਨੀ ਸ਼ਹਾਦਤ ਸਿੱਖਾਂ ਵਿੱਚ ਜੋਸ਼ ਭਰਦੀ ਹੋਈ ਰਹਿਨੁਮਾਈ ਕਰਦੀ ਰਹੇਗੀ। ਗੁਰੂ ਨਾਲ ਇਸ਼ਕ ਦੀ ਇਹ ਦਾਸਤਾਨ ਜੁੱਗੋ ਜੁੱਗ ਅਟੱਲ ਰਹੇਗੀ।

# ਮਹਾਨ ਸ਼ਖ਼ਸੀਅਤ ਸ. ਜੱਸਾ ਸਿੰਘ ਆਹਲੂਵਾਲੀਆ

**ਸਰਦਾਰਨੀ  ਡਾ. ਕੁਲਵਿੰਦਰ ਕੌਰ ਮਿਨਹਾਸ**





Gobind-Shahi Coin (Lahore Mint 1765)    Nanak-Shahi Coin (Multan Mint 1775)

He issued coins in the names of Guru Nanak and Guru Gobind Singh as a sign of his sovereignty. The first of these coins were rupees issued in VS 1822 (1765 AD) from Lahore, Amritsar followed in VS 1832 (1775 AD).

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਪਿਤਾ ਜੀ ਦਾ ਨਾਮ ਭਾਈ ਬਦਰ ਸਿੰਘ ਤੇ ਮਾਤਾ ਜੀ ਦਾ ਨਾਮ ਬੀਬੀ ਜੀਵਨ ਕੌਰ ਸੀ। ਆਪ ਜੀ ਦੇ ਦਾਦਾ ਭਾਈ ਦੇਵਾ ਸਿੰਘ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂ ਸਨ।

ਬਾਲਕ ਜੱਸਾ ਸਿੰਘ ਦਾ ਜਨਮ 3 ਮਈ 1718 ਈ: ਨੂੰ ਹੋਇਆ। ਗੁਰੂ ਸਾਹਿਬ 1708 ਈ: ਨੂੰ ਨਾਂਦੇੜ ਵਿਖੇ ਜੋਤੀ-ਜੋਤਿ ਸਮਾ ਗਏ ਸਨ। ਜਦੋਂ ਆਪ ਜੀ ਦੀ ਆਯੂ ਸਿਰਫ਼ ਚਾਰ ਸਾਲ ਦੀ ਸੀ ਤਾਂ ਆਪ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ। ਆਪ ਦੇ ਮਾਤਾ ਜੀ ਨੇ ਹੌਂਸਲਾ ਨਹੀਂ ਹਾਰਿਆ, ਅਡੋਲ ਰਹੇ ਤੇ ਪਤੀ ਦੇ ਅਕਾਲ ਚਲਾਣੇ ਨੂੰ ਵਾਹਿਗੁਰੂ ਦਾ ਭਾਣਾ ਮੰਨ ਕੇ ਖਿੜੇ ਮੱਥੇ ਸਵੀਕਾਰ ਕੀਤਾ।

ਆਪ ਦੇ ਮਾਤਾ ਜੀ ਸਰਦਾਰ ਬਾਘ ਸਿੰਘ ਦੀ ਭੈਣ ਸਨ। ਆਪ ਸਿੱਖੀ ਰੰਗ ਵਿੱਚ ਰੰਗੀ ਹੋਈ ਰੂਹ ਸੀ, ਗੁਰਮੁਖੀ ਪੜ੍ਹੇ ਹੋਏ ਸਨ ਤੇ ਗੁਰਬਾਣੀ ਦੇ ਰਸੀਏ ਸਨ। ਬਹੁਤ ਸਾਰੀ ਗੁਰਬਾਣੀ ਆਪ ਨੂੰ ਜ਼ੁਬਾਨੀ ਯਾਦ ਸੀ। ਆਪ ਜੀ ਨੇ ਅੰਮ੍ਰਿਤ ਛਕਿਆ ਹੋਇਆ ਸੀ।

ਗੁਰਬਾਣੀ ਨਾਲ ਆਪ ਜੀ ਦਾ ਪ੍ਰੇਮ ਇੱਥੋਂ ਤੱਕ ਅੱਪੜ ਚੁੱਕਿਆ ਸੀ ਕਿ ਗੁਰਬਾਣੀ ਦੀ ਪੋਥੀ ਆਪਣੀ ਕਿਰਪਾਨ ਦੇ ਗਾਤਰੇ ਨਾਲ ਸਜਾਈ ਰੱਖਦੇ ਅਤੇ ਸਵੇਰੇ ਸ਼ਾਮ ਪਾਠ ਤੇ ਕੀਰਤਨ ਕਰਦੇ। ਆਪ ਦਾ ਜੀਵਨ ਪੁਰਾਤਨ ਸਿੰਘਾਂ ਵਰਗਾ ਸੱਚਾ-ਸੁੱਚਾ ਤੇ ਆਦਰਸ਼ਕ ਸੀ। ਪਤੀ ਦੀ ਮੌਤ ਮਗਰੋਂ ਆਪ ਨੇ ਆਪਣੇ ਪੁੱਤਰ ਜੱਸਾ ਸਿੰਘ ਦੇ ਪਾਲਣ ਪੋਸਣ ਵੱਲ ਪੂਰਾ ਧਿਆਨ ਦਿੱਤਾ। ਦੋਹਾਂ ਦੀਆਂ ਜ਼ਿੰਮੇਵਾਰੀਆਂ ਨਿਭਾਈਆਂ।

ਕਲਗੀਧਰ ਪਿਤਾ ਜੀ ਦੇ ਮਹਿਲ ਮਾਤਾ ਸੁੰਦਰ ਕੌਰ ਜੀ ਦਿੱਲੀ ਵਿੱਚ ਰਹਿ ਰਹੇ ਸਨ ਤੇ ਸੰਗਤਾਂ ਉਨ੍ਹਾਂ ਦੇ ਦਰਸ਼ਨ ਕਰਨ ਜਾਂਦੀਆਂ ਰਹਿੰਦੀਆਂ ਸਨ। ਸੰਨ 1723 ਈ: ਨੂੰ ਜਦੋਂ ਸੰਗਤਾਂ ਦਿੱਲੀ ਜਾਣ ਲਈ ਤਿਆਰ ਹੋਈਆਂ ਤਾਂ ਮਾਤਾ ਜੀਵਨ ਕੌਰ ਵੀ ਆਪਣੇ ਪੁੱਤਰ ਬਾਲਕ ਜੱਸਾ ਸਿੰਘ ਨੂੰ ਨਾਲ ਲੈ ਕੇ ਦਰਸ਼ਨ ਕਰਨ ਗਏ। ਦਰਸ਼ਨ ਕਰਕੇ ਆਪ ਬਹੁਤ ਪ੍ਰਸੰਨ ਹੋਏ ਤੇ ਆਪ ਨੇ ਪੂਰੇ ਤਨ ਮਨ ਨਾਲ ਉਨ੍ਹਾਂ ਦੀ ਸੇਵਾ ਕੀਤੀ। ਮਾਤਾ ਜੀਵਨ

ਕੌਰ ਇੱਥੇ ਸਵੇਰੇ ਸ਼ਾਮ ਪਾਠ ਤੇ ਕੀਰਤਨ ਕਰਦੇ ਤਾਂ ਬਾਲ ਜੱਸਾ ਸਿੰਘ ਵੀ ਨਾਲ ਸ਼ਬਦ ਪੜ੍ਹਦੇ। ਮਾਤਾ ਸੁੰਦਰ ਕੌਰ ਜੀ ਦੋਹਾਂ ਮਾਂ-ਪੁੱਤ ਦੀ ਜੀਵਨ-ਸ਼ੈਲੀ, ਗੁਰਬਾਣੀ ਨਾਲ ਪ੍ਰੇਮ ਤੇ ਸੇਵਾ ਭਾਵਨਾ ਦੇਖ ਕੇ ਬਹੁਤ ਪ੍ਰਭਾਵਿਤ ਹੋਏ। ਦੋਹਾਂ ਨੂੰ ਆਪਣੇ ਕੋਲ ਰੱਖ ਲਿਆ। ਉਹ ਬਾਲਕ ਜੱਸਾ ਸਿੰਘ ਨੂੰ ਆਪਣੇ ਪੁੱਤਰ ਵਾਂਗ ਪ੍ਰੇਮ ਕਰਦੇ।

ਜੱਸਾ ਸਿੰਘ ਨੂੰ ਸਕੂਲ ਪੜ੍ਹਣ ਭੇਜਿਆ ਜਿਥੇ ਉਨ੍ਹਾਂ ਫ਼ਾਰਸੀ ਪੜ੍ਹਣੀ ਸਿੱਖੀ, ਨਾਲ ਧਾਰਮਿਕ ਤੇ ਇਤਿਹਾਸਿਕ ਕਿਤਾਬਾਂ ਵੀ ਪੜ੍ਹੀਆਂ। ਆਪ ਬਚਪਨ ਤੋਂ ਹੀ ਬੜੀਆਂ ਸੂਝਵਾਨ ਤੇ ਸਿਆਣੀਆਂ ਗੱਲਾਂ ਕਰਦੇ ਸਨ। ਮਾਤਾ ਸੁੰਦਰ ਕੌਰ ਜੀ ਆਪ ਨੂੰ ਆਪਣੀ ਗੋਦ ਵਿੱਚ ਬਿਠਾ ਕੇ ਕਿਹਾ ਕਰਦੇ ਸਨ, "ਯਹਿ ਬਾਦਸ਼ਾਹ-ਪੰਥ ਹੈ।"

ਬਾਲਕ ਜੱਸਾ ਸਿੰਘ ਤੇ ਉਨ੍ਹਾਂ ਦੀ ਮਾਤਾ ਜੀ ਨੇ 7 ਕੁ ਸਾਲ ਮਾਤਾ ਸੁੰਦਰ ਕੌਰ ਜੀ ਦੀ ਸੇਵਾ ਵਿੱਚ ਬਿਤਾਏ। ਸਰਦਾਰ ਬਾਘ ਸਿੰਘ 1729 ਈ: ਵਿੱਚ ਮਾਤਾ ਸੁੰਦਰ ਕੌਰ ਜੀ ਨੂੰ ਬੇਨਤੀ ਕਰਕੇ ਆਪਣੀ ਭੈਣ ਤੇ ਭਾਣਜੇ ਨੂੰ ਨਾਲ ਲੈ ਗਏ। ਆਪਣੀ ਕੋਈ ਸੰਤਾਨ ਨਾ ਹੋਣ ਕਰਕੇ ਉਹ ਆਪਣੇ ਭਾਣਜੇ ਬਾਲਕ ਜੱਸਾ ਸਿੰਘ ਨੂੰ ਬਹੁਤ ਪਿਆਰ ਕਰਦੇ ਸਨ। ਮਾਤਾ ਸੁੰਦਰ ਕੌਰ ਜੀ ਨੇ ਉਨ੍ਹਾਂ ਦੀ ਵਿਦਾਇਗੀ ਸਮੇਂ ਬਾਲਕ ਨੂੰ ਇੱਕ ਗੁਰਜ, ਕਮਾਨ, ਤੀਰਾਂ ਦਾ ਭੱਥਾ, ਢਾਲ, ਪੁਸ਼ਾਕਾਂ ਤੇ ਚਾਂਦੀ ਦੀ ਚੋਬ ਦਿੰਦਿਆਂ ਇਹ ਅਸੀਸ ਦਿੱਤੀ: "ਤੇਰੇ ਔਰ ਤੇਰੀ ਸੰਤਾਨ ਅੱਗੇ ਆਸਿਆਂ ਵਾਲੇ (ਚੋਬਦਾਰ) ਚੱਲਿਆ ਕਰਨਗੇ।"

ਉਨ੍ਹਾਂ ਨੇ ਬਾਲਕ ਦੀ ਗੁਰਬਾਣੀ ਤੇ ਸਿੱਖ ਧਰਮ ਵਿੱਚ ਅਟੁੱਟ ਸ਼ਰਧਾ ਤੇ ਪ੍ਰਤਿਭਾ ਦੇਖ ਕੇ ਨਵਾਬ ਕਪੂਰ ਸਿੰਘ ਦੇ ਨਾਮ ਇੱਕ ਹੁਕਮਨਾਮਾ ਲਿਖ ਕੇ ਦਿੱਤਾ: "ਇਹ ਹੋਣਹਾਰ ਬੱਚਾ ਗੁਰੂ ਘਰ ਦਾ ਨਿਵਾਜਿਆ ਹੋਇਆ ਹੈ, ਇਸ ਨੂੰ ਆਪਣੇ ਹੱਥੀਂ ਅੰਮ੍ਰਿਤਪਾਨ ਕਰਵਾਉਣਾ ਤੇ ਗੁਰਬਾਣੀ ਤੇ ਸ਼ਸਤ੍ਰ ਵਿੱਦਿਆ ਵਿੱਚੋਂ ਨਿਪੁੰਨਤਾ ਬਖ਼ਸ਼ਣੀ।"

ਨਵਾਬ ਕਪੂਰ ਸਿੰਘ ਉਨ੍ਹਾਂ ਦਿਨਾਂ ਵਿੱਚ ਕਰਤਾਰਪੁਰ ਦੀ ਜੂਹ ਵਿੱਚ ਠਹਿਰੇ ਹੋਏ ਸਨ। ਸਰਦਾਰ ਬਾਘ ਸਿੰਘ ਆਪਣੀ ਭੈਣ ਤੇ ਭਾਣਜੇ ਨੂੰ ਉਨ੍ਹਾਂ ਕੋਲ ਲੈ ਗਏ। ਮਾਤਾ ਜੀਵਨ ਕੌਰ ਤੇ ਬਾਲਕ ਜੱਸਾ ਸਿੰਘ ਨੇ ਮਿਲ ਕੇ ਆਪਣੀ ਸੁਰੀਲੀ ਆਵਾਜ਼ ਵਿੱਚ ਕੀਰਤਨ ਕੀਤਾ। ਮਾਂ-ਪੁੱਤ ਦੇ ਗੁਰਬਾਣੀ ਪ੍ਰਤੀ ਪ੍ਰੇਮ, ਮਾਤਾ ਜੀ ਦੀ ਵਿਦਵਤਾ ਤੇ ਰਸਭਿੰਨੀ ਆਵਾਜ਼ ਅਤੇ ਬਾਲਕ ਜੱਸਾ ਸਿੰਘ ਦੀ ਪ੍ਰਤਿਭਾ ਵੇਖ ਕੇ ਨਵਾਬ ਕਪੂਰ ਸਿੰਘ ਬਹੁਤ ਪ੍ਰਸੰਨ ਹੋਏ। ਉਨ੍ਹਾਂ ਨੂੰ ਉੱਥੇ ਇੱਕ ਮਹੀਨਾ ਰੁਕਣ ਲਈ ਕਿਹਾ। ਇਹ ਉਨ੍ਹਾਂ ਲਈ ਬੜੀ ਮਾਣ ਵਾਲੀ ਗੱਲ ਸੀ।ਨਵਾਬ ਕਪੂਰ ਸਿੰਘ ਬਾਲਕ ਜੱਸਾ ਸਿੰਘ ਵੱਲ ਪੂਰਾ ਧਿਆਨ ਦਿੰਦੇ ਸਨ।

ਨਵਾਬ ਕਪੂਰ ਸਿੰਘ ਨੇ ਬਾਲਕ ਜੱਸਾ ਸਿੰਘ ਦੇ ਨੇਕ ਤੇ ਨਿੱਘੇ ਸੁਭਾਉ ਤੋਂ ਇਹ ਸਮਝ ਲਿਆ ਸੀ ਕਿ ਇਹ ਬਾਲਕ ਇੱਕ ਦਿਨ ਜ਼ਰੂਰ ਕੁਝ ਬਣੇਗਾ। ਉਨ੍ਹਾਂ ਨੇ ਜੱਸਾ ਸਿੰਘ ਨੂੰ ਆਪਣੇ ਕੋਲ ਰੱਖ ਲਿਆ ਤੇ ਉਨ੍ਹਾਂ ਦੇ ਮਾਤਾ ਜੀ ਤੇ ਮਾਮੇ ਬਾਘ ਸਿੰਘ ਨੂੰ ਜਾਣ ਲਈ ਕਹਿ ਦਿੱਤਾ। ਨਵਾਬ ਕਪੂਰ ਸਿੰਘ ਇੱਕ ਮਹਾਨ ਸੰਤ ਸਿਪਾਹੀ ਅਤੇ ਤਿਆਗੀ ਸਨ। ਉਨ੍ਹਾਂ ਨੇ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਾਇਆ। ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਉਹ ਹੀ ਸਿੱਖ ਪੰਥ ਦੇ ਜਰਨੈਲ ਹੋਏ ਹਨ। ਜਦੋਂ ਸਰਕਾਰ ਵੱਲੋਂ ਆਈ ਨਵਾਬੀ ਖਿਲਅਤ ਖ਼ਾਲਸੇ ਵੱਲੋਂ ਆਪ ਜੀ ਨੂੰ ਦਿੱਤੀ ਜਾਣ ਲੱਗੀ ਤਾਂ ਆਪ ਨੇ ਦੋਵੇਂ ਹੱਥ ਜੋੜ ਕੇ ਇਹ ਬੇਨਤੀ ਕੀਤੀ, "ਗੁਰੂ ਰੂਪ ਖ਼ਾਲਸੇ ਵੱਲੋਂ ਦਿੱਤੀ ਖਿੱਲਅਤ ਤਾਂ ਮੈਂ ਲੈਣੋ ਨਾਂਹ ਨਹੀਂ ਕਰ ਸਕਦਾ ਪਰ ਮੇਰੇ ਪਾਸੋਂ ਖ਼ਾਲਸੇ ਦੀ ਪੱਖੇ, ਲੰਗਰ ਆਦਿ ਦੀ ਸੇਵਾ ਨਾ ਖੋਹੀ ਜਾਵੇ।"

ਕੁਝ ਸਮੇਂ ਬਾਅਦ ਨਵਾਬ ਕਪੂਰ ਸਿੰਘ ਨੇ ਬਾਲਕ ਜੱਸਾ ਸਿੰਘ ਨੂੰ ਅੰਮ੍ਰਿਤ ਛਕਾਉਣ ਦਾ ਨਿਰਣੈ

ਲਿਆ। ਉਹ ਪੰਜਾਂ ਪਿਆਰਿਆਂ ਵਿੱਚ ਆਪ ਸ਼ਾਮਿਲ ਹੋਏ ਤੇ ਜੱਸਾ ਸਿੰਘ ਨੂੰ ਖੰਡੇ ਦੀ ਪਾਹੁਲ ਛਕਾ ਕੇ ਖ਼ਾਲਸਾ ਰਹਿਤ ਮਰਿਯਾਦਾ ਬਾਰੇ ਦੱਸਿਆ। ਇਸ ਨਾਲ ਬਾਲਕ ਦੀ ਕਾਇਆ ਹੀ ਪਲਟ ਗਈ। ਉਹ ਕੰਚਨ ਤੋਂ ਪਾਰਸ ਬਣ ਗਏ। ਇੱਕ ਚੜ੍ਹਦੀ ਜਵਾਨੀ ਦਾ, ਦੂਜਾ ਗੁਰਬਾਣੀ ਦੀ ਅਤੁਟ ਸੇਵਾ ਤੇ ਸਿਮਰਨ ਦਾ ਸਰੂਰ ਤੇ ਉੱਪਰੋਂ ਖ਼ਾਲਸਾਈ ਜੋਸ਼ ਉਨ੍ਹਾਂ ਅੰਦਰ ਠਾਠਾਂ ਮਾਰ ਰਿਹਾ ਸੀ। ਉਹ ਦੀਵਾਨ ਵਿੱਚ ਆਈਆਂ ਸੰਗਤਾਂ ਦੀ ਵੱਧ ਤੋਂ ਵੱਧ ਸੇਵਾ ਕਰਦੇ ਸਨ। ਕਦੇ ਪੱਖਾ ਝੱਲਦੇ, ਕਦੇ ਲੰਗਰ ਵਰਤਾਉਂਦੇ ਤੇ ਕਦੇ ਬਰਤਨ ਸਾਫ਼ ਕਰਦੇ। ਇਸ ਸੇਵਾ ਨੇ ਨਵਾਬ ਕਪੂਰ ਸਿੰਘ ਤੇ ਹੋਰਾਂ ਦੀਆਂ ਨਜ਼ਰਾਂ ਵਿੱਚ ਉਨ੍ਹਾਂ ਦਾ ਸਥਾਨ ਬਹੁਤ ਉੱਚਾ ਕਰ ਦਿੱਤਾ ਸੀ।

ਸਰਦਾਰ ਜੱਸਾ ਸਿੰਘ ਨੂੰ ਅੰਮ੍ਰਿਤ ਛਕਾਉਣ ਤੋਂ ਛੇਤੀ ਬਾਅਦ ਨਵਾਬ ਕਪੂਰ ਸਿੰਘ ਨੇ ਸ਼ਸਤਰ ਵਿੱਦਿਆ ਵਿੱਚ ਨਿਪੁੰਨ ਮਹਾਂਰਥੀਆਂ ਕੋਲੋਂ ਉਨ੍ਹਾਂ ਨੂੰ ਘੋੜ-ਸਵਾਰੀ, ਨੇਜ਼ਾ-ਬਾਜੀ, ਤੀਰ ਕਮਾਨ ਤੇ ਤਲਵਾਰ ਦੇ ਕਰਤੱਵ ਆਦਿ ਦੀ ਸਿੱਖਿਆ ਆਰੰਭ ਕਰਵਾ ਦਿੱਤੀ। ਜੇ ਨਵਾਬ ਕਪੂਰ ਸਿੰਘ ਨੌਜਵਾਨ ਜੱਸਾ ਸਿੰਘ ਵੱਲ ਪੂਰਾ ਧਿਆਨ ਦਿੰਦੇ ਸਨ ਤੇ ਉਨ੍ਹਾਂ ਨੂੰ ਕੁਝ ਬਣਾਉਣਾ ਲੋਚਦੇ ਸਨ ਤਾਂ ਸਰਦਾਰ ਜੱਸਾ ਸਿੰਘ ਵੀ ਹਰ ਕੰਮ ਨੂੰ ਪੂਰੀ ਲਗਨ ਤੇ ਸ਼ਰਧਾ ਭਾਵਨਾ ਨਾਲ ਕਰਦਾ ਸੀ। ਨਵਾਬ ਕਪੂਰ ਸਿੰਘ ਨੇ ਖ਼ਾਲਸੇ ਦੇ ਘੋੜਿਆਂ ਦੀ ਸੇਵਾ ਵੀ ਸਰਦਾਰ ਜੱਸਾ ਸਿੰਘ ਨੂੰ ਸੌਂਪ ਦਿੱਤੀ। ਜਦੋਂ ਨੌਜਵਾਨ ਜੱਸਾ ਸਿੰਘ ਨੇ ਇਹ ਕਿਹਾ ਕਿ ਮੇਰੇ ਕੋਲੋਂ ਘੋੜਿਆਂ ਨੂੰ ਦਾਣਾ ਵਰਤੇਗਾ ਨਹੀਂ ਤਾਂ ਸਰਦਾਰ ਕਪੂਰ ਸਿੰਘ ਨੇ ਹੌਂਸਲਾ ਦਿੰਦਿਆਂ ਕਿਹਾ, "ਘਬਰਾਉਣਾ ਨਹੀਂ, ਤੂੰ ਤਾਂ ਹਜ਼ਾਰਾਂ ਵੱਗਾਂ ਨੂੰ ਦਾਣਾ ਦੇਣਾ ਹੈ। ਇਹ ਪੰਥ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਨੇ। ਸੇਵਾ ਤੋਂ ਹੀ ਮੇਵਾ ਮਿਲਦਾ ਹੈ। ਮੈਨੂੰ ਇਸ ਗਰੀਬ ਨਿਵਾਜ ਪੰਥ ਨੇ 'ਨਵਾਬ' ਬਣਾ ਦਿੱਤਾ ਹੈ, ਤੈਨੂੰ ਕੀ ਪਤਾ ਬਾਦਸ਼ਾਹੀ ਬਖ਼ਸ਼ ਦੇਵੇ।"

ਸਮਾਂ ਬੀਤਣ 'ਤੇ ਨਵਾਬ ਕਪੂਰ ਸਿੰਘ ਦੇ ਮੂੰਹੋਂ ਸਹਿਜ ਸੁਭਾਅ ਨਿਕਲੇ ਇਹ ਸ਼ਬਦ ਸੱਚੇ ਸਾਬਿਤ ਹੋਏ। ਨੌਜਵਾਨ ਜੱਸਾ ਸਿੰਘ ਬੜੇ ਸੋਹਣੇ, ਸੁਨੱਖੇ, ਸੁਡੋਲ, ਲੰਮੇ, ਵੱਡੇ-ਵੱਡੇ ਤੇ ਤੀਖ਼ਣ ਨੇਤਰ, ਚੌੜਾ ਮੱਥਾ, ਭਰਵਾਂ ਦਾੜ੍ਹਾ, ਚੌੜੀ ਛਾਤੀ ਤੇ ਲੰਮੀਆਂ ਬਾਹਾਂ ਵਾਲੇ ਸਨ। ਫੁਰਤੀਲਾ ਸਰੀਰ ਤੇ ਆਵਾਜ਼ ਐਨੀ ਉੱਚੀ ਸੀ ਕਿ ਦੂਰ ਖੜ੍ਹੋਤੇ ਬੰਦਿਆਂ ਨੂੰ ਸੁਣ ਸਕਦੀ ਸੀ। ਨਵਾਬ ਕਪੂਰ ਸਿੰਘ ਉਨ੍ਹਾਂ ਨੂੰ ਪੰਥ ਦੀ ਉਭਰਣ ਵਾਲੀ ਇੱਕ ਖ਼ਾਸ ਸ਼ਖ਼ਸੀਅਤ ਦੇ ਰੂਪ ਵਿੱਚ ਵੇਖਦੇ ਸਨ।

ਜ਼ਕਰੀਆ ਖ਼ਾਨ ਦੇ ਸਮੇਂ ਸਿੰਘਾਂ ਉੱਤੇ ਬਹੁਤ ਔਖਾ ਸਮਾਂ ਆਇਆ। ਸਿੰਘਾਂ ਨੇ ਇਸ ਔਖੇ ਸਮੇਂ ਨੂੰ ਖਿਲਰ ਕੇ ਨਿਭਾਉਣ ਦਾ ਫੈਸਲਾ ਲਿਆ। ਉਨ੍ਹਾਂ ਨੇ ਦੋ ਦਲ ਬਣਾ ਲਏ - ਬੁੱਢਾ ਦਲ ਤੇ ਤਰੁਣਾ ਦਲ। ਜਥੇਦਾਰ ਦੀਵਾਨ ਦਰਬਾਰਾ ਸਿੰਘ, ਜਥੇਦਾਰ ਕਪੂਰ ਸਿੰਘ ਤੇ ਉਨ੍ਹਾਂ ਦੇ ਸਾਥੀ ਜਿਸ ਦਲ ਵਿੱਚ ਸ਼ਾਮਿਲ ਸਨ, ਉਹ ਬੁੱਢਾ ਦਲ ਕਹਿਲਾਇਆ। ਜਦੋਂ ਛੋਟਾ ਘੱਲੂਘਾਰਾ ਹੋਇਆ, ਉਸ ਵਿੱਚ ਵੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਅਹਿਮ ਭੂਮਿਕਾ ਨਿਭਾਈ।

ਮੀਰ ਮੰਨੂੰ ਨੇ ਵੀ ਸਿੰਘਾਂ ਉੱਤੇ ਬਹੁਤ ਜ਼ੁਲਮ ਢਾਏ। ਉਸ ਨੇ ਸਿੰਘਾਂ ਦੇ ਅੰਮ੍ਰਿਤਸਰ ਜਾਣ 'ਤੇ ਸਖ਼ਤ ਪਾਬੰਦੀ ਲਾਈ ਹੋਈ ਸੀ। ਸਿੰਘ ਪਹਾੜਾਂ ਤੇ ਜੰਗਲਾਂ ਵਿੱਚ ਚਲੇ ਗਏ। ਮੀਰ ਮੰਨੂ ਦੀ ਮੌਤ ਤੋਂ ਬਾਅਦ ਪੰਜਾਬ ਦੀ ਸਥਿਤੀ ਡਾਵਾਂਡੋਲ ਹੋ ਗਈ। ਸਿੰਘਾਂ ਨੇ ਇਸ ਮੌਕੇ ਦਾ ਫ਼ਾਇਦਾ ਉਠਾਇਆ ਤੇ ਉਹ ਪਹਾੜਾਂ ਤੇ ਜੰਗਲਾਂ ਤੋਂ ਵਾਪਸ ਆ ਗਏ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਸਮਾਂ ਅਨੁਕੂਲ ਦੇਖਦੇ ਹੋਏ ਬਿਆਸਾ ਦਰਿਆ ਦੇ ਸੱਜੇ ਕੰਢੇ ਖਵਾਸਪੁਰ ਤੇ ਉਸ ਦੇ ਨੇੜੇ ਫ਼ਤਿਹਾਬਾਦ ਦੇ ਕਿਲ੍ਹੇ ਜਿੱਤ ਲਏ। ਖ਼ਾਲਸੇ ਦੀ ਚੜ੍ਹਦੀ ਕਲਾ ਦੇਖ ਕੇ ਈਸਟ ਇੰਡੀਆ ਕੰਪਨੀ ਵਾਲਿਆਂ ਨੂੰ ਵੀ ਕਲਕੱਤੇ ਇਹ ਯਕੀਨ ਹੋ ਗਿਆ ਸੀ ਕਿ ਜਦੋਂ ਤੱਕ ਦਲ ਖ਼ਾਲਸਾ

ਪੰਜਾਬ ਦੀ ਰੱਖਿਆ ਕਰਨ ਲਈ ਤਿਆਰ-ਬਰ-ਤਿਆਰ ਹੈ, ਕੋਈ ਵੀ ਵੱਡੀ ਤਾਕਤ ਜਲਦੀ ਕੀਤਿਆਂ ਹਿੰਦੁਸਤਾਨ ਉੱਤੇ ਚੜ੍ਹਾਈ ਕਰਨ ਦੀ ਜ਼ੁਰਅਤ ਨਹੀਂ ਕਰ ਸਕਦੀ।

ਨਵਾਬ ਕਪੂਰ ਸਿੰਘ 7 ਅਕਤੂਬਰ, 1753 ਈ: ਨੂੰ ਅੰਮ੍ਰਿਤਸਰ ਵਿਖੇ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੇ ਅਕਾਲ ਚਲਾਣੇ ਤੋਂ ਲਗਪਗ ਛੇ ਮਹੀਨਿਆਂ ਬਾਅਦ 10 ਅਪ੍ਰੈਲ 1754 ਈ: ਨੂੰ ਅੰਮ੍ਰਿਤਸਰ ਸ੍ਰੀ ਅਕਾਲ ਤਖ਼ਤ ਦੇ ਸਾਹਮਣੇ 'ਖਾਲਸਾ ਜੀ' ਦਾ ਦੀਵਾਨ ਸਜਾਇਆ ਗਿਆ। ਇਸ ਦੀਵਾਨ ਵਿੱਚ ਨਵਾਬ ਕਪੂਰ ਸਿੰਘ ਜੀ ਲਈ ਅਰਦਾਸ ਕੀਤੀ ਗਈ। ਅਰਦਾਸ ਤੋਂ ਬਾਅਦ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਹਰ ਤਰ੍ਹਾਂ ਯੋਗ ਤੇ ਸਮਰੱਥ ਸਮਝ ਕੇ ਨਵਾਬ ਕਪੂਰ ਸਿੰਘ ਜੀ ਦੀ ਥਾਂ ਖ਼ਾਲਸੇ ਦਾ ਰਾਜਸੀ ਤੇ ਧਾਰਮਿਕ ਜਥੇਦਾਰ ਥਾਪਿਆ ਗਿਆ ਤੇ 'ਨਵਾਬ' ਦਾ ਖ਼ਿਤਾਬ ਦਿੱਤਾ ਗਿਆ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਹੋਰ ਸਿੰਘ ਭੇਟਾ ਦੇ ਰੂਪ ਵਿੱਚ ਘੋੜੇ ਲੈ ਕੇ ਬਹੁਤ ਖੁਸ਼ ਹੁੰਦੇ ਸਨ। ਉਹ ਜ਼ਰੂਰਤ ਅਨੁਸਾਰ ਘੋੜਿਆਂ ਦੀ ਵੰਡ ਕਰ ਲੈਂਦੇ ਸਨ। ਜੇ ਦਲ ਖ਼ਾਲਸਾ ਵਿੱਚ ਕੋਈ ਅਵੱਗਿਆ ਦੀ ਗੱਲ ਹੋ ਜਾਂਦੀ ਸੀ ਤਾਂ ਪੰਜ ਪਿਆਰੇ ਦੋਹਾਂ ਧਿਰਾਂ ਦੀ ਗੱਲ ਸੁਣ ਕੇ ਫ਼ੈਸਲਾ ਕਰਦੇ ਸਨ ਤੇ ਜਿਹੜਾ ਵੀ ਦੋਸ਼ੀ ਹੁੰਦਾ ਸੀ, ਉਸ ਨੂੰ ਤਨਖ਼ਾਹ ਲਾ ਦਿੰਦੇ ਸਨ। ਦੋਸ਼ੀ ਵੀ ਲਾਈ ਗਈ ਤਨਖ਼ਾਹ ਨੂੰ ਖਿੜ੍ਹੇ ਮੱਥੇ ਪ੍ਰਵਾਨ ਕਰ ਲੈਂਦਾ ਸੀ।

ਵੱਡੇ ਘੱਲੂਘਾਰੇ ਦੌਰਾਨ ਸਿੱਖ ਕੌਮ ਦਾ ਬਹੁਤ ਵੱਡਾ ਨੁਕਸਾਨ ਹੋਇਆ। ਇਸ ਯੁੱਧ ਵਿੱਚ ਸ਼ਾਇਦ ਹੀ ਕੋਈ ਅਜਿਹਾ ਸਰਦਾਰ ਹੋਵੇਗਾ ਜਿਹੜਾ ਜਖ਼ਮੀ ਨਾ ਹੋਇਆ ਹੋਵੇ। ਸ. ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ 'ਤੇ ਵੀ 22 ਫੱਟ ਲੱਗੇ ਸਨ। ਇਸ ਘੱਲੂਘਾਰੇ ਵਿੱਚ ਪੱਚੀ ਹਜ਼ਾਰ ਦੇ ਲਗਪਗ ਸਿੰਘ ਸਿੰਘਣੀਆਂ ਤੇ ਬੱਚੇ ਸ਼ਹੀਦ ਹੋਏ ਸਨ। ਇਸੇ ਕਰਕੇ ਇਸ ਨੂੰ 'ਵੱਡਾ ਘੱਲੂਘਾਰਾ' ਕਿਹਾ ਜਾਂਦਾ ਹੈ। ਸਿੰਘਾਂ ਦੇ ਵੱਡੇ ਪੱਧਰ 'ਤੇ ਹੋਏ ਇਸ ਕਤਲੇਆਮ ਉਪਰੰਤ ਅਹਿਮਦ ਸ਼ਾਹ ਅਬਦਾਲੀ ਨੇ ਸਰਹੰਦ ਵੱਲ ਕੂਚ ਕਰ ਦਿੱਤਾ ਕਿਉਂਕਿ ਉਹ ਜਾਣਦਾ ਸੀ ਕਿ ਸਿੰਘਾਂ ਨੂੰ ਜਿੱਥੇ ਵੀ ਜਦੋਂ ਵੀ ਮੌਕਾ ਮਿਲਿਆ, ਉਹ ਭੁੱਖੇ ਸ਼ੇਰ ਵਾਂਗ ਝਪਟਾ ਮਾਰਨਗੇ। ਇਸ ਲਈ ਉਸ ਨੇ ਬਾਬਾ ਆਲਾ ਸਿੰਘ ਰਾਹੀਂ ਸਿੰਘਾਂ ਨਾਲ ਸੁਲ੍ਹਾ ਕਰਨੀ ਚਾਹੀ। ਉਸ ਨੇ ਇੱਥੋਂ ਤੱਕ ਕਹਿ ਦਿੱਤਾ ਕਿ ਜਿੱਥੇ ਜਿੱਥੇ ਸਿੰਘਾਂ ਦਾ ਇਲਾਕਾ ਹੈ, ਉਹ ਮੇਰੇ ਤੋਂ ਲਿਖਵਾ ਲੈਣ। ਇਹ ਸੁਣ ਕੇ ਜਥੇਦਾਰ ਸਰਦਾਰ ਜੱਸਾ ਸਿੰਘ ਨੇ ਜਵਾਬ ਦਿੱਤਾ : "ਮੰਗਿਆਂ ਕਦ ਕਿਸੇ ਨੇ ਕਿਸੇ ਨੂੰ ਰਾਜ ਦਿੱਤਾ ਹੈ। ਤੁਰਕਾਂ ਅਤੇ ਸਿੰਘਾਂ ਦਾ ਕਿਵੇਂ ਮੇਲ ਹੋ ਸਕਦਾ ਹੈ। ਇਹ ਅਫ਼ਗਾਨਿਸਤਾਨ ਤੋਂ ਆ ਕੇ ਪੰਜਾਬ ਵਿੱਚ ਆਪਣਾ ਦੁਰਾਨੀ ਰਾਜ ਕਰਨਾ ਚਾਹੁੰਦੇ ਹਨ ਅਤੇ ਅਸੀਂ ਆਪਣੇ ਦੇਸ਼ ਵਿੱਚ ਕਿਸੇ ਗ਼ੈਰ ਦੇ ਰਾਜ ਦੇ ਕਾਇਮ ਹੋਣ ਦੇ ਵਿਰੋਧੀ ਹਾਂ। ਇਹ ਤਾਂ ਬਰੂਦ ਤੇ ਅੱਗ ਦੀ ਖੇਲ ਹੈ। ਰਾਜ ਤਾਂ ਸਾਨੂੰ ਸਤਿਗੁਰੂ ਨੇ ਲਿਖ ਦਿੱਤਾ ਹੋਇਆ ਹੈ ਜੋ ਖ਼ਾਲਸੇ ਨੇ ਸੀਸ ਭੇਟ ਕਰਕੇ ਲਿਆ ਹੈ, ਅਸਾਂ ਕਿਸੇ ਹੋਰ ਕੋਲੋਂ ਕੀ ਲਿਖਵਾਉਣਾ ਹੋਇਆ?"

ਇਸ ਦਾ ਜ਼ਿਕਰ "ਪ੍ਰਾਚੀਨ ਪੰਥ ਪ੍ਰਕਾਸ਼" ਦੇ ਪੰਨਾ 473 ਉੱਤੇ ਕੀਤਾ ਮਿਲਦਾ ਹੈ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਨਾਲ ਵੀ ਟੱਕਰ ਲਈ। ਅਬਦਾਲੀ ਨੇ ਹਿੰਦੁਸਤਾਨ 'ਤੇ ਆਪਣੇ ਪੰਜਵੇਂ ਹਮਲੇ ਦੌਰਾਨ ਬਹੁਤ ਸਾਰੀਆਂ ਔਰਤਾਂ ਨੂੰ ਜ਼ਬਰਦਸਤੀ ਕੈਦੀ ਬਣਾ ਲਿਆ ਸੀ। ਉਨ੍ਹਾਂ ਨੂੰ ਗ਼ੁਲਾਮ ਬਣਾ ਕੇ ਤੇ ਇਸ ਦੇ ਨਾਲ ਹੀ ਹਿੰਦੁਸਤਾਨ ਦੀ ਬਹੁਤ ਸਾਰੀ ਦੌਲਤ ਵੀ ਆਪਣੇ ਨਾਲ ਅਫ਼ਗਾਨਿਸਤਾਨ ਲਿਜਾ ਰਿਹਾ ਸੀ। ਜਦੋਂ ਇਸ ਬਾਰੇ ਜੱਸਾ ਸਿੰਘ ਆਹਲੂਵਾਲੀਆ, ਬਾਬਾ ਦੀਪ ਸਿੰਘ ਤੇ ਹੋਰ ਸਿੰਘਾਂ ਨੂੰ ਪਤਾ ਲੱਗਾ ਤਾਂ

ਉਨ੍ਹਾਂ ਦੀਆਂ ਅੱਖਾਂ ਵਿੱਚ ਖ਼ੂਨ ਉੱਤਰ ਆਇਆ। ਜੱਸਾ ਸਿੰਘ ਦਲ ਖ਼ਾਲਸਾ ਦੇ ਜਥੇਦਾਰ ਸਨ, ਉਨ੍ਹਾਂ ਨੇ ਚੋਣਵੇਂ ਸਿੰਘਾਂ ਨੂੰ ਆਪਣੇ ਨਾਲ ਲਿਜਾ ਕੇ ਉਨ੍ਹਾਂ ਔਰਤਾਂ ਨੂੰ ਵੀ ਅਬਦਾਲੀ ਦੀ ਫ਼ੌਜ ਤੋਂ ਛੁਡਵਾਇਆ ਤੇ ਜਿਹੜੀ ਧਨ-ਦੌਲਤ ਉਹ ਲਿਜਾ ਰਿਹਾ ਸੀ, ਉਸ ਨੂੰ ਲੁੱਟਿਆ। ਦਲ ਖ਼ਾਲਸਾ ਦੇ ਸਿੰਘ ਸਰਕਾਰੀ ਖ਼ਜ਼ਾਨਿਆਂ, ਮਾਲ ਗੁਦਾਮਾਂ ਤੇ ਵੈਰੀ ਦੀਆਂ ਹਵੇਲੀਆਂ ਤੋਂ ਬਗ਼ੈਰ ਹੋਰ ਕਿਸੇ ਨੂੰ ਨਹੀਂ ਲੁੱਟਦੇ ਸਨ। ਕਿਸੇ ਦੀ ਦਸਤਾਰ ਨੂੰ ਹੱਥ ਨਹੀਂ ਪਾਉਂਦੇ ਸੀ ਤੇ ਨਾ ਹੀ ਔਰਤਾਂ ਦੇ ਗਹਿਣਿਆਂ ਨੂੰ ਹੱਥ ਲਾਉਂਦੇ ਸੀ।

ਜਨਾਨੀ ਭਾਵੇਂ ਜਵਾਨ ਹੋਵੇ ਜਾਂ ਬੁੱਢੀ ਉਸ ਨੂੰ 'ਬੁੱਢੀਏ' ਜਾਂ 'ਬੁੱਢੀ' ਕਹਿ ਕੇ ਹੀ ਸੰਬੋਧਨ ਕਰਦੇ ਸਨ। ਵੱਡੇ ਘੱਲੂਘਾਰੇ ਤੋਂ ਬਾਅਦ ਅਹਿਮਦ ਸ਼ਾਹ ਅਬਦਾਲੀ ਸੋਚਦਾ ਸੀ ਕਿ ਉਸ ਨੇ ਸਿੰਘਾਂ ਨੂੰ ਅਜਿਹੀ ਮਾਰ ਮਾਰੀ ਹੈ ਕਿ ਹੁਣ ਉਹ ਦੁਬਾਰਾ ਉੱਠਣ ਜੋਗੇ ਨਹੀਂ ਰਹੇ। ਪ੍ਰੰਤੂ ਸਿੰਘ ਆਪਣੇ ਜਖ਼ਮਾਂ ਦਾ ਦਵਾ-ਦਾਰੂ ਕਰਵਾ ਕੇ ਜਖ਼ਮੀ ਸ਼ੇਰ ਵਾਂਗ ਗਰਜ ਰਹੇ ਸਨ। ਸਰਹੰਦ ਦੇ ਫ਼ੌਜਦਾਰ ਜੈਨ ਖ਼ਾਨ ਨੇ ਵੱਡੇ ਘੱਲੂਘਾਰੇ ਦੌਰਾਨ ਸਿੰਘਾਂ ਦਾ ਬਹੁਤ ਨੁਕਸਾਨ ਕੀਤਾ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਸਰਹੰਦ ਉੱਤੇ ਅਚਾਨਕ ਧਾਵਾ ਬੋਲ ਦਿੱਤਾ ਤੇ ਜੈਨ ਖ਼ਾਨ ਨੂੰ ਕਰਾਰੀ ਹਾਰ ਦਿੱਤੀ। ਜੈਨ ਖ਼ਾਨ ਨੇ ਪੰਜ ਹਜ਼ਾਰ ਰੁਪਏ ਨਜ਼ਰਾਨਾ ਦੇ ਕੇ ਸ. ਜੱਸਾ ਸਿੰਘ ਆਹਲੂਵਾਲੀਆ ਨਾਲ ਸੁਲ੍ਹਾ ਕਰ ਲਈ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਬਾਬਾ ਆਲਾ ਸਿੰਘ ਤੇ ਦਲ ਖ਼ਾਲਸਾ ਦੇ ਸਿੰਘਾਂ ਦੀ ਸੁਲ੍ਹਾਂ ਕਰਵਾਈ। ਬਾਬਾ ਆਲਾ ਸਿੰਘ ਦਾ ਅਹਿਮਦ ਸ਼ਾਹ ਅਬਦਾਲੀ ਨਾਲ ਮੇਲ ਕਰਕੇ ਦਲ ਖ਼ਾਲਸਾ ਦੇ ਕਈ ਸਿੰਘ ਬਹੁਤ ਨਰਾਜ਼ ਸਨ। ਇਹ ਸਿੰਘ ਸਰਦਾਰ ਹਰੀ ਸਿੰਘ ਭੰਗੀ ਦੀ ਅਗਵਾਈ ਹੇਠ ਬਾਬਾ ਆਲਾ ਸਿੰਘ ਦੇ ਵਿਰੁੱਧ ਪਟਿਆਲੇ ਵੱਲ ਕੂਚ ਕਰ ਚੁੱਕੇ ਸਨ। ਰਸਤੇ ਵਿੱਚ ਬਾਬਾ ਆਲਾ ਸਿੰਘ ਵੱਲੋਂ ਭੇਜੇ ਗਏ ਫ਼ੌਜ ਦੇ ਸਿਪਾਹੀਆਂ ਤੇ ਸਿੰਘਾਂ ਵਿੱਚ ਲੜਾਈ ਹੋ ਗਈ। ਇਸ ਲੜਾਈ ਵਿੱਚ ਸਰਦਾਰ ਹਰੀ ਸਿੰਘ ਭੰਗੀ ਚਲਾਣਾ ਕਰ ਗਏ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਜਦੋਂ ਇਸ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਸਿੰਘਾਂ ਨੂੰ ਸਮਝਾਇਆ ਕਿ ਜੋ ਹੋਣਾ ਸੀ ਉਹ ਹੋ ਚੁੱਕਾ ਹੈ, ਹੁਣ ਆਪਸ ਵਿੱਚ ਲੜਾਈ ਬੰਦ ਕਰੋ। ਸਿੰਘਾਂ ਨੇ ਇਹ ਗੱਲ ਮੰਨ ਕੇ ਲੜਾਈ ਬੰਦ ਕਰ ਦਿੱਤੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਅਖ਼ੀਰਲੇ ਸਾਲਾਂ ਦਾ ਦੁਖਾਂਤ ਰਾਮਗੜ੍ਹੀਆਂ ਨਾਲ ਵਿਗਾੜ ਪੈ ਜਾਣਾ ਸੀ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਪੰਥ ਦੇ ਸਿਰ ਤੋਂ ਇੱਕ ਬਹੁਤ ਵੱਡੀ ਇਖ਼ਲਾਕੀ ਜ਼ਿੰਮੇਵਾਰੀ ਲਾਹੀ। ਅਬਦਾਲੀ ਨੇ 'ਵੱਡੇ ਘੱਲੂਘਾਰੇ' ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਤੇ ਉਸ ਦੀ ਜ਼ਿੰਮੇਦਾਰੀ ਜਾਗੀਰ ਨੁਸ਼ਹਿਰਾ ਪੰਨੂਆਂ ਦੇ ਚੌਧਰੀ ਸਾਹਿਬ ਰਾਇ ਕੋਲ ਤਿੰਨ ਲੱਖ ਰੁਪਏ ਵਿੱਚ ਇਸ ਸ਼ਰਤ 'ਤੇ ਰੱਖੀ ਕਿ ਜਦੋਂ ਤੱਕ ਇਹ ਰਕਮ ਨਾ ਤਾਰੀ ਜਾਵੇ, ਦਰਬਾਰ ਸਾਹਿਬ ਦਾ ਸਾਰਾ ਚੜ੍ਹਾਵਾ ਉਹ ਆਪ ਹੀ ਲਈ ਜਾਵੇ। ਸਿੰਘਾਂ ਨੂੰ ਜਦੋਂ ਇਸ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਇਸ ਦੀ ਸ਼ਿਕਾਇਤ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਕੋਲ ਕੀਤੀ। ਸਿੰਘਾਂ ਕੋਲੋਂ ਸਾਰੀ ਗੱਲ ਸੁਣ ਕੇ ਉਨ੍ਹਾਂ ਨੇ ਕਿਹਾ ਕਿ ਚੌਧਰੀ ਸਾਹਿਬ ਨੇ ਆਪਣੇ ਪੱਲਿਓਂ ਤਿੰਨ ਲੱਖ ਰੁਪਏ ਦੇ ਕੇ ਦਰਬਾਰ ਸਾਹਿਬ ਨੂੰ ਹੋਰ ਜ਼ਿਆਦਾ ਨੁਕਸਾਨ ਹੋਣ ਤੋਂ ਬਚਾ ਲਿਆ ਹੈ, ਉਸ ਨੇ ਇਹ ਭਲਾ ਕਾਰਜ ਕੀਤਾ ਹੈ ਅਤੇ ਚੌਧਰੀ ਰਾਇ ਨੂੰ ਬੁਲਾ ਕੇ ਤਿੰਨ ਲੱਖ ਰੁਪਇਆ ਉਸ ਦੀ ਝੋਲੀ ਪਾਇਆ ਤੇ ਉਸ ਨੂੰ ਪੂਰਾ ਮਾਣ ਸਤਿਕਾਰ ਦਿੱਤਾ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਆਪਣੀ ਜ਼ਿੰਦਗੀ ਦੇ ਅਖੀਰਲੇ ਚਾਰ ਪੰਜ ਸਾਲ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਤੇ ਬੁੰਗਿਆਂ ਦੀ ਉਸਾਰੀ ਕਰਵਾਉਣ ਤੇ ਹੋਰ ਜ਼ਰੂਰੀ ਕਾਰਜਾਂ ਨੂੰ

ਪੂਰਾ ਕਰਨ ਵਿੱਚ ਬਤੀਤ ਕੀਤੇ। ਜ਼ਰੂਰੀ ਹੁੰਦਾ ਤਾਂ ਹੀ ਕਿਸੇ ਦੀ ਮਦਦ ਜਾਂ ਮੁਹਿੰਮ 'ਤੇ ਬਾਹਰ ਜਾਂਦੇ ਸਨ। ਉਨ੍ਹਾਂ ਨੇ ਮੱਲਾਂ ਮਾਰਾਂ ਦਾ ਪ੍ਰਬੰਧ ਨੌਜਵਾਨ ਸਰਦਾਰਾਂ ਨੂੰ ਸੌਂਪ ਦਿੱਤਾ ਸੀ। 25 ਅਕਤੂਬਰ, 1783 ਈ: ਨੂੰ ਸਰਦਾਰ ਜੱਸਾ ਸਿੰਘ ਦੀਵਾਲੀ ਦੇ ਦਿਨ ਫ਼ਤਿਹਾਬਾਦ ਤੋਂ ਅੰਮ੍ਰਿਤਸਰ ਆ ਰਹੇ ਸਨ। ਰਸਤੇ ਵਿੱਚ ਉਨ੍ਹਾਂ ਦੇ ਪੇਟ ਵਿੱਚ ਦਰਦ ਹੋਣ ਲੱਗਾ ਤੇ ਅੰਮ੍ਰਿਤਸਰ ਪਹੁੰਚਦਿਆਂ ਹੀ 20 ਅਕਤੂਬਰ, 1783 ਈ: ਨੂੰ ਉਹ ਅਕਾਲ ਚਲਾਣਾ ਕਰ ਗਏ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸਬਰ ਸੰਤੋਖ ਵਾਲੇ ਸਿਦਕੀ ਸਿੱਖ ਸਨ। ਉਨ੍ਹਾਂ ਨੇ ਸਿੱਖ ਪੰਥ ਦੀ ਪੂਰੇ ਤਨ ਮਨ ਧਨ ਨਾਲ ਸੇਵਾ ਕੀਤੀ। ਪੰਥ ਨੇ ਉਨ੍ਹਾਂ ਦੁਆਰਾ ਨਿਭਾਈ ਗਈ ਇਸ ਸੇਵਾ ਬਦਲੇ, ਉਨ੍ਹਾਂ ਨੂੰ ਸਭ ਤੋਂ ਉੱਚੀ ਪਦਵੀ, 'ਸੁਲਤਾਨ-ਉਲ-ਕੌਮ' (ਪੰਥ ਦਾ ਬਾਦਸ਼ਾਹ) ਨਾਲ ਨਿਵਾਜਿਆ। ਉਨ੍ਹਾਂ ਨੇ ਆਪਣੀ ਉੱਚੀ ਪਦਵੀ ਦਾ ਵੀ ਕਦੇ ਕੋਈ ਫ਼ਾਇਦਾ ਨਹੀਂ ਉਠਾਇਆ ਸੀ। ਬੜੇ ਬੁੱਧੀਮਾਨ ਤੇ ਦੂਰ-ਅੰਦੇਸ਼ੀ ਸਨ। ਜੱਸਾ ਸਿੰਘ ਆਹਲੂਵਾਲੀਆ ਨੇ ਪੰਜਾਬ ਤੇ ਸਿੱਖ ਪੰਥ ਲਈ ਜੋ ਮਹਾਨ ਘਾਲਣਾ ਘਾਲੀ, ਉਸ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਕਿਸੇ ਵੀ ਮੁਹਿੰਮ ਦੀ ਕਾਮਯਾਬੀ ਜਥੇ ਜਾਂ ਦਲ ਦੇ ਸਰਦਾਰ ਉੱਤੇ ਨਿਰਭਰ ਕਰਦੀ ਹੈ ਕਿ ਉਸ ਮੁਹਿੰਮ ਦੀ ਅਗਵਾਈ ਕਰਨ ਵਾਲਾ ਸਰਦਾਰ ਕਿੰਨਾ ਕੁ ਬਹਾਦਰ, ਸੂਰਬੀਰ, ਦਲੇਰ, ਮਿਹਨਤੀ ਤੇ ਕੁਰਬਾਨੀ ਦੇ ਜਜ਼ਬੇ ਨਾਲ ਭਰਪੂਰ ਹੁੰਦਾ ਹੈ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵਿੱਚ ਇਹ ਸਾਰੇ ਗੁਣ ਮੌਜੂਦ ਸਨ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸ. ਬਘੇਲ ਸਿੰਘ ਤੇ ਸ. ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣੀ ਬਹਾਦਰੀ ਸਦਕਾ ਦਿੱਲੀ ਜਿੱਤ ਕੇ ਛੱਡ ਦਿੱਤੀ ਸੀ ਪ੍ਰੰਤੂ ਨਿਸ਼ਾਨੀ ਦੇ ਤੌਰ ਤੇ ਜੱਸਾ ਸਿੰਘ ਰਾਮਗੜ੍ਹੀਆ ਦੀਵਾਨ-ਏ-ਆਮ ਵਿੱਚੋਂ ਇਤਿਹਾਸਿਕ ਸਿਲ ਉਖਾੜ ਕੇ ਲੈ ਆਏ ਸਨ ਜੋ ਅੱਜ ਵੀ ਸ੍ਰੀ ਦਰਬਾਰ ਸਾਹਿਬ ਵਿੱਚ ਸੁਸ਼ੋਭਿਤ ਹੈ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤਾਰਿਆਂ ਵਿੱਚ ਚੰਦਰਮਾ ਦੀ ਤਰ੍ਹਾਂ ਚਮਕਦੇ ਸਨ ਤੇ ਉਨ੍ਹਾਂ ਦੇ ਗੁਣਾਂ ਦੀ ਸਾਰੇ ਪਾਸੇ ਚਰਚਾ ਹੁੰਦੀ ਸੀ।

"ਮਹੱਤਵਪੂਰਨ ਗੱਲ ਇਹ ਨਹੀਂ ਕਿ ਕੋਈ ਵਿਅਕਤੀ ਕਿਸ ਤਰ੍ਹਾਂ ਮਰਦਾ ਹੈ ਸਗੋਂ ਇਹ ਹੈ ਕਿ ਉਹ ਕਿਸ ਤਰ੍ਹਾਂ ਜਿਉਂਦਾ ਹੈ।"

– ਡਾ. ਜਾਹਨਸਨ



Dr Kulwinder Kaur Minhas

# ਜਰਨੈਲ ਜੱਸਾ ਸਿੰਘ ਰਾਮਗੜ੍ਹੀਆ – ਸਿੱਖ ਰਾਜ ਦਾ ਉਸਰੱਈਆ

**ਸਰਦਾਰ ਜਗਦੇਵ ਸਿੰਘ ਸਿੱਧੂ, ਕੈਲਗਰੀ (ਕੈਨੇਡਾ)**

ਮੰਨੂੰ ਅਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ,
ਜਿਉਂ-ਜਿਉਂ ਮੰਨੂੰ ਵੱਢਦਾ ਅਸੀਂ ਦੂਣ-ਸਵਾਏ ਹੋਏ।

ਲੋਕਾਂ ਦੇ ਮੂੰਹ ਚੜ੍ਹੀਆਂ ਇਹ ਸਤਰਾਂ ਅਠਾਰ੍ਹਵੀਂ ਸਦੀ ਵਿਚ ਪੰਜਾਬ ਅੰਦਰ ਸਿੱਖਾਂ ਦੀ ਹਾਲਤ ਬਿਆਨ ਕਰਦੀਆਂ ਹਨ। ਇਹ ਉਹ ਸਮਾਂ ਸੀ ਜਦੋਂ ਅਫ਼ਗਾਨਿਸਤਾਨ ਵੱਲੋਂ ਮੁਗ਼ਲ ਧਾੜਵੀ ਆਉਂਦੇ, ਕਤਲੋਗ਼ਾਰਤ ਤੇ ਮਾਰਧਾੜ ਕਰਦੇ, ਲੁੱਟ-ਮਾਰ ਮਚਾਉਂਦੇ ਅਤੇ ਧਨ-ਦੌਲਤ ਸਮੇਤ ਕੀਮਤੀ ਮਾਲ ਲੈ ਕੇ ਮੁੜ ਜਾਂਦੇ। ਇੱਥੋਂ ਤਕ ਕਿ ਔਰਤਾਂ ਅਤੇ ਮਾਸੂਮ ਲੜਕੀਆਂ ਨੂੰ ਕੈਦ ਕਰ ਕੇ ਲੈ ਜਾਂਦੇ। ਅਜਿਹੇ ਸਮੇਂ ਸਿਰਫ਼ ਸਿੱਖ ਹੀ ਸਨ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਨੂੰ ਅੱਗੇ ਤੋਰਦੇ ਹੋਏ ਹਥਿਆਰਬੰਦ ਹੋ ਕੇ ਇਨ੍ਹਾਂ ਧਾੜਵੀਆਂ ਦਾ ਟਾਕਰਾ ਕਰਦੇ।

ਉਹ ਗੁਰੀਲਾ ਰਣਨੀਤੀ ਅਪਣਾ ਕੇ ਅਚਾਨਕ ਇਨ੍ਹਾਂ ਦਲਾਂ ਉਪਰ ਟੁੱਟ ਪੈਂਦੇ, ਇਨ੍ਹਾਂ ਨੂੰ ਪੈਰਾਂ ਤੋਂ ਉਖੇੜ ਦਿੰਦੇ, ਲੁੱਟਿਆ ਹੋਇਆ ਧਨ-ਮਾਲ ਖੋਹ ਲੈਂਦੇ, ਔਰਤਾਂ ਤੇ ਨੂੰ ਛੁਡਵਾ ਕੇ ਬਾ-ਇੱਜ਼ਤ ਉਨ੍ਹਾਂ ਦੇ ਘਰੀਂ ਪੁਚਾਉਂਦੇ ਸਨ।

ਇਉਂ ਸਿੱਖ ਇਨ੍ਹਾਂ ਧਾੜਵੀਆਂ ਦੇ ਮਨਸੂਬਿਆਂ ਨੂੰ ਪੂਰੇ ਕਰਨ ਵਿਚ ਸਭ ਤੋਂ ਵੱਡੀ ਰੁਕਾਵਟ ਸਨ। ਸਿੱਖਾਂ ਨੂੰ ਖ਼ਤਮ ਕਰਨ ਲਈ ਉਨ੍ਹਾਂ ਦੇ ਸਿਰਾਂ ਦੇ ਮੁੱਲ ਰੱਖੇ ਗਏ। ਹਰਿਮੰਦਰ ਸਾਹਿਬ ਦੇ ਅੰਦਰ ਵੜ ਕੇ ਬੇਅਦਬੀ ਦੀਆਂ ਘਿਨੌਣੀਆਂ ਕਾਰਵਾਈਆਂ ਕੀਤੀਆਂ ਗਈਆਂ, ਛੋਟੇ ਘੱਲੂਘਾਰੇ, ਵੱਡੇ ਘੱਲੂਘਾਰੇ ਅਤੇ 1767 ਦੇ ਹਮਲੇ ਸਮੇਂ ਹਜ਼ਾਰਾਂ ਸਿੰਘਾਂ ਦੀਆਂ ਜਾਨਾਂ ਗਈਆਂ।



**ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ**

ਅਜਿਹੇ ਹਾਲਾਤ ਨੇ ਮਹਾਨ ਸਿੱਖ ਜਰਨੈਲ ਪੈਦਾ ਕੀਤੇ ਜਿੰਨ੍ਹਾਂ ਨੇ ਨਾ ਸਿਰਫ਼ ਧਾੜਵੀਆਂ ਦੇ ਮੂੰਹ ਮੋੜੇ ਸਗੋਂ ਦੂਰਦ੍ਰਿਸ਼ਟੀ ਅਤੇ ਕੁਸ਼ਲਤਾ ਨਾਲ਼ ਆਪਣਾ ਰਾਜ-ਪ੍ਰਬੰਧ ਚਲਾਉਣ ਲਈ ਮਿਸਲਾਂ ਕਾਇਮ ਕੀਤੀਆਂ। ਇਨ੍ਹਾਂ ਵਿਚ ਜੱਸਾ ਸਿਘ ਰਾਮਗੜ੍ਹੀਆ ਮੋਢੀ ਜਰਨੈਲ ਅਤੇ ਸ਼ਾਸ਼ਕ ਸਨ।

ਜੱਸਾ ਸਿੰਘ ਦੇ ਦਾਦਾ ਜੀ ਭਾਈ ਹਰਨਾਮ ਸਿੰਘ ਸੁਰ ਸਿੰਘ ਪਿੰਡ ਦੇ ਵਸਨੀਕ ਸਨ। ਉਹ ਬੰਦਾ ਸਿੰਘ ਬਹਾਦਰ ਦੀ ਫੌਜ ਵਿਚ ਮੁਗ਼ਲਾਂ ਨਾਲ਼ ਹੋਈ ਲੜਾਈ ਸਮੇਂ 1715 ਵਿਚ ਬਜਵਾੜਾ ਵਿਖੇ ਸ਼ਹੀਦ ਹੋਏ ਸਨ। ਜੱਸਾ ਸਿੰਘ ਦੇ ਪਿਤਾ ਗਿਆਨੀ ਭਗਵਾਨ ਸਿੰਘ ਈਚੋਗਿਲ ਪਿੰਡ ਵਿਚ ਜਾ ਵੱਸੇ। ਇੱਥੇ ਹੀ ਜੱਸਾ ਸਿੰਘ ਦਾ ਜਨਮ 5 ਮਈ, 1723 ਨੂੰ ਹੋਇਆ। ਆਰਥਕ ਹਾਲਤ

ਠੀਕ ਨਾ ਹੋਣ ਕਰ ਕੇ ਉਨ੍ਹਾਂ ਦੇ ਪੰਜੇ ਪੁਤਰਾਂ ਸਮੇਤ ਜਲੰਧਰ ਦੇ ਫੌਜਦਾਰ ਅਦੀਨਾ ਬੇਗ ਦੀ ਫੌਜ ਵਿਚ ਨੌਕਰੀ ਕਰ ਲਈ ਸੀ। ਜਦੋਂ ਨਾਦਰ ਸ਼ਾਹ ਨੇ ਅਦੀਨਾ ਬੇਗ 'ਤੇ ਹਮਲਾ ਕੀਤਾ ਤਾਂ ਲੜਾਈ ਵਿਚ ਭਗਵਾਨ ਸਿੰਘ ਦੀ ਜਾਨ ਜਾਂਦੀ ਰਹੀ। ਅਦੀਨਾ ਬੇਗ ਨੇ ਪੰਜੇ ਭਰਾਵਾਂ ਨੂੰ ਜਾਗੀਰਾਂ ਦਿਤੀਆਂ – ਜੱਸਾ ਸਿੰਘ ਨੂੰ ਵੱਲਾ, ਤਾਰਾ ਸਿੰਘ ਨੂੰ ਵੇਰਕਾ, ਮਾਲੀ ਸਿੰਘ ਨੂੰ ਸੁਲਤਾਨਵਿੰਡ, ਖ਼ੁਸ਼ਹਾਲ ਸਿੰਘ ਨੂੰ ਤੁੰਗ ਅਤੇ ਜੈ ਸਿੰਘ ਨੂੰ ਝਬਾਲ਼। ਇੱਥੋਂ ਹੀ ਰਾਮਗੜ੍ਹੀਆ ਮਿਸਲ ਕਾਇਮ ਹੋਣੀ ਸ਼ੁਰੂ ਹੋਈ।

ਅਪ੍ਰੈਲ, 1748 ਵਿਚ ਮੀਰ ਮੰਨੂੰ ਲਾਹੌਰ ਦਾ ਸੂਬੇਦਾਰ ਬਣਿਆਂ। ਉਸ ਨੇ ਸਿੱਖਾਂ ਨੂੰ ਖ਼ਤਮ ਕਰਨ ਦੀ ਵਿਉਂਤ ਤਹਿਤ ਅਦੀਨਾ ਬੇਗ ਨੂੰ ਅੰਮ੍ਰਿਤਸਰ 'ਤੇ ਹਮਲਾ ਕਨ ਲਈ ਹੁਕਮ ਚਾੜ੍ਹਿਆ। ਸੰਨ 1748 ਦੀ ਦੀਵਾਲ਼ੀ ਮੌਕੇ ਅਦੀਨਾ ਬੇਗ ਦੀ ਫੌਜ ਨੇ, ਜਿਸ ਵਿਚ ਜੱਸਾ ਸਿੰਘ ਵੀ ਸ਼ਾਮਲ ਸੀ, ਰਾਮ ਰੌਣੀ ਦੇ ਕਿਲੇ ਨੂੰ ਘੇਰਾ ਪਾ ਲਿਆ।

ਕਿਲੇ ਅੰਦਰ ਰਹਿੰਦੇ 900 ਸਿੱਖ ਜੁਝਾਰੂਆਂ ਨੇ ਕਿਲੇ ਦੀ ਹਿਫ਼ਾਜ਼ਤ ਕਰਦਿਆਂ ਹਮਲਾਵਰਾਂ ਨੂੰ ਕਿਲੇ ਤੋਂ ਬਾਹਰ ਰਹਿਣ ਲਈ ਮਜਬੂਰ ਕਰ ਦਿੱਤਾ। ਜਨਵਰੀ, 1749 ਤਕ ਚਾਰ ਮਹੀਨੇ ਘੇਰਾ ਰਿਹਾ। ਜੱਸਾ ਸਿੰਘ ਦਾ ਖਾਲਸਈ ਜਲੌਅ ਪ੍ਰਗਟ ਹੋਇਆ।

ਕਿਲੇ ਅੰਦਰੋਂ ਬੋਲੇ ਸੋ ਨਿਹਾਲ ਦੇ ਆਏ ਜੈਕਾਰੇ ਦਾ ਜਵਾਬ ਜੱਸਾ ਸਿੰਘ ਨੇ ਜੈਕਾਰੇ ਨਾਲ਼ ਦਿੱਤਾ ਅਤੇ ਅਦੀਨਾ ਬੇਗ ਦੀ ਫੌਜ ਨੂੰ ਘੇਰਾ ਛੱਡ ਕੇ ਭੱਜਣ ਲਈ ਮਜਬੂਰ ਕਰ ਦਿੱਤਾ। ਕਿਲੇ ਅੰਦਰ



*(View of Darbar Sahib from Ramgarhia Slab))*

ਦਾਖਲ ਹੋਣ ਮਗਰੋਂ ਕਿਲੇ ਦਾ ਪ੍ਰਬੰਧ ਜੱਸਾ ਸਿੰਘ ਨੂੰ ਸੌਂਪਿਆ ਗਿਆ। ਉਸ ਨੇ ਕਿਲੇ ਦੀ ਪੱਕੀ.ਉਸਾਰੀ ਕਰਵਾਈ। ਸ਼ਿਲਪੀ ਬਰਾਦਰੀ ਵਿੱਚੋਂ ਹੋਣ ਕਰਕੇ ਉਸ ਨੂੰ ਵਧੀਆ ਕਾਰੀਗਰੀ ਅਤੇ ਵਿਉਂਤਬੰਦੀ ਦੀ ਸਮਝ ਸੀ। f

ਕਿਲੇ ਦਾ ਨਾਮ ਬਦਲ ਕੇ ਰਾਮਗੜ੍ਹ ਰੱਖਿਆ ਜਿਸ ਤੋਂ ਉਸ ਦਾ ਅਤੇ ਬਰਾਦਰੀ ਦਾ ਨਾਂ ਰਾਮਗੜ੍ਹੀਆ ਪੈ ਗਿਆ। ਸਿੱਖ ਫੌਜੀਆਂ ਦੀ ਸਿਖਲਾਈ ਅਤੇ ਹਥਿਆਰਾਂ ਦੀ ਸਪਲਾਈ ਵੱਲ ਪੂਰੀ ਤਵੱਜੋ ਦਿੱਤੀ। ਭਰਾਵਾਂ ਦੀ ਮਦਦ ਨਾਲ਼ ਆਸ ਪਾਸ ਦੇ ਇਲਾਕਿਆਂ 'ਤੇ ਕਬਜ਼ਾ ਕਰ ਕੇ ਰਾਮਗੜ੍ਹੀਆ ਮਿਸਲ ਨੂੰ ਵਧਾਇਆ। ਮਿਸਲ ਦੀ ਰਾਜਧਾਨੀ ਹਰਿਗੋਬਿੰਦਪੁਰ ਨੂੰ ਬਣਾਇਆ। ਅਬਦਾਲੀ ਦੇ ਹਮਲਿਆਂ ਸਮੇਂ ਸਿੱਖ ਫੌਜਾਂ ਦੀ ਬਹਾਦਰੀ ਨਾਲ਼ ਅਗਵਾਈ ਕੀਤੀ। ਦੁਸ਼ਮਣ ਦੀਆਂ ਫੌਜਾਂ ਦੀ ਬੇਸ਼ੁਮਾਰ ਗਿਣਤੀ ਕਾਰਨ ਸਿੱਖਾਂ ਦਾ ਬਹੁਤ ਜਾਨੀ ਨੁਕਸਾਨ ਹੋਇਆ ਪਰ ਹਰ ਵਾਰ ਅਬਦਾਲੀ ਨੂੰ ਪਿੱਛੇ ਮੁੜਨਾ ਪਿਆ। ਜੱਸਾ ਸਿੰਘ ਨੇ ਮੁਲਤਾਨ ਦੀ ਲੜਾਈ ਸਮੇਂ ਵੀ ਹੱਥ ਆਇਆ ਮਾਲ ਗ਼ਰੀਬਾਂ ਵਿਚ ਵੰਡਿਆ ਅਤੇ ਕੈਦ ਹੋਈਆਂ ਔਰਤਾਂ ਛੁਡਵਾ ਕੇ ਉਨ੍ਹਾਂ ਨੂੰ ਘਰੋ-ਘਰੀ ਪੁਚਾਇਆ। ਪਹਾੜੀ ਇਲਾਕਿਆਂ 'ਤੇ ਕਬਜ਼ਾ ਕਰ ਕੇ ਕਾਂਗੜੇ ਸਮੇਤ ਆਪਣੇ ਰਾਜ ਵਿਚ ਸ਼ਾਮਲ

ਕੀਤਾ। ਬਟਾਲਾ, ਕਲਾਨੌਰ, ਜ਼ਹੂਰਾ ਅਤੇ ਬਜਵਾੜਾ ਤੋਂ ਇਲਾਵਾ ਬਿਆਸ ਦੇ ਦੋਵੀਂ ਪਾਸੀਂ ਇਲਾਕਿਆਂ ਨੂੰ ਮਿਸਲ ਵਿਚ ਮਿਲਾਇਆ।

ਸਿੱਖ ਮਿਸਲਾਂ ਦੀ ਆਪਸੀ ਦੁਸ਼ਮਣੀ ਏਥੋਂ ਤਕ ਵਧ ਗਈ ਸੀ ਕਿ ਜੱਸਾ ਸਿੰਘ ਆਹਲੂਵਾਲੀਆ, ਕਨ੍ਹੱਈਆ ਮਿਸਲ ਦੇ ਜੈ ਸਿੰਘ ਅਤੇ ਭੰਗੀ ਮਿਸਲ ਦੇ ਸਰਦਾਰਾਂ ਨੇ ਹਮਲਾ ਕਰ ਕੇ ਹਰਿਗੋਬਿੰਦਪੁਰ ੱਤੇ ਕਬਜ਼ਾ ਕਰ ਲਿਆ। ਜੱਸਾ ਸਿੰਘ ਰਾਮਗੜ੍ਹੀਆ ਭਰਾਵਾਂ ਸਮੇਤ ਦਸ ਹਜ਼ਾਰ ਘੋੜਸਵਾਰਾਂ ਦੀ ਫੌਜ ਲੈ ਕੇ ਪਟਿਆਲ਼ੇ ਆ ਗਿਆ। ਮਹਾਰਾਜਾ ਅਮਰ ਸਿੰਘ ਨੇ ਜੀਂਦ, ਹਿਸਾਰ ਅਤੇ ਹਾਂਸੀ ਦੀ ਜਾਗੀਰ ਸੌਂਪ ਦਿੱਤੀ। ਇੱਥੇ ਰਾਜਪ੍ਰਬੰਧ ਸੰਭਾਲ਼ ਕੇ ਆਸੇ ਪਾਸੇ ਦੇ ਇਲਾਕਿਆਂ ਵੱਲ ਵਧਣਾ ਜਾਰੀ ਰੱਖਿਆ।

ਮੇਰਠ ਦੇ ਹੁਕਮਰਾਨ ਜ਼ਬੀਤਾ ਖ਼ਾਨ ਨੇ ਦਸ ਹਜ਼ਾਰ ਰੁਪਏ ਸਾਲਾਨਾ ਨਜ਼ਰਾਨਾ ਦੇਣਾ ਮੰਨਿਆ।

ਸ਼ਾਨਾਂ ਮੱਤਾ ਕਾਂਡ ਉਦੋਂ ਵਾਪਰਿਆ ਜਦੋਂ ਸਿੱਖਾਂ ਨੇ ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ ਅਤੇ ਬਘੇਲ ਸਿੰਘ ਦੀ ਅਗਵਾਈ ਵਿਚ ਲਾਲ ਕਿਲੇ ਤੇ ਕਬਜ਼ਾ ਕਰ ਕੇ ਕੇਸਰੀ ਨਿਸ਼ਾਨ ਝੁਲਾਇਆ। ਬਾਦਸ਼ਾਹ ਸ਼ਾਹ ਆਲਮ ਨੇ ਪੰਜ ਹਜ਼ਾਰ ਰੁਪਿਆ ਨਜ਼ਰਾਨਾ ਭੇਟ ਕੀਤਾ। ਜੱਸਾ ਸਿੰਘ ਰਾਮਗੜ੍ਹੀਆ ਲਾਲ ਕਿਲੇ ਅੰਦਰੋਂ ਤਖ਼ਤੇ-ਤਾਊਸ ਹੇਠਲੀ ਤਾਜਪੋਸ਼ੀ ਵਾਲ਼ੀ ਸੰਗਮਰਮਰ ਦੀ ਸਿੱਲ, ਲਾਲ ਪੱਥਰ ਦੇ 40 ਥੰਮ੍ਹ ਅਤੇ 4 ਤੋਪਾਂ ਜਿੱਤ ਕੇਂ ਗੱਡਿਆਂ ਵਿਚ ਲੱਦ ਕੇ ਅੰਮ੍ਰਿਤਸਰ ਲੈ ਆਏ। ਬੁੰਗਾ ਰਾਮਗੜ੍ਹੀਆ ਵਿਚ ਲਾਏ ਇਹ ਉਸ ਜਿੱਤ ਦੀ ਗਵਾਹੀ ਹਨ।

ਜੱਸਾ ਸਿੰਘ ਰਾਮਗੜ੍ਹੀਏ ਨੇ ਮਿਸਲ ਦਾ ਰਾਜ ਪ੍ਰਬੰਧ ਆਪਣੇ ਸਪੁੱਤਰ ਜੋਧ ਸਿੰਘ ਨੂੰ ਸੌਂਪਿਆ। ਇਕ ਮਿਸਲ ਦੀ ਸਥਾਪਨਾ ਕੀਤੀ, ਇਸ ਨੂੰ ਵਧਾਇਆ, ਅਨੇਕਾਂ ਜਿੱਤਾਂ ਹਾਸਲ ਕੀਤੀਆਂ, ਲੋੜ ਪੈਣ ੱਤੇ ਦੂਜੀਆ ਮਿਸਲਾਂ ਨਾਲ਼ ਤਾਲਮੇਲ ਕਰ ਕੇ ਹਰਿਮੰਦਰ ਸਾਹਿਬ ਦੀ ਹਮਲਾਵਰਾਂ ਤੋਂ ਰੱਖਿਆ ਯਕੀਨੀ ਬਣਾਈ, ਆਪਣੇ ਰਾਜ ਵਿਚ ਇਕ ਕੁਸ਼ਲ ਰਾਜ ਨੇਤਾ ਵਜੋਂ ਮਿਸਾਲ ਕਾਇਮ ਕੀਤੀ ਅਤੇ ਅੰਤ ਵਿਚ ਕੌਮ ਨੂੰ ਕਾਬਲ ਤੇ ਸਿੱਖੀ ਸਿਧਾਂਤਾਂ ਦੇ ਪਹਿਰੇਦਾਰ, ਜੋਧ ਸਿੰਘ ਦੇ ਰੂਪ ਵਿਚ ਜਾਨਸ਼ੀਨ ਦੇ ਗਿਆ। ਉਸਦੇ 20 ਅਪ੍ਰੈਲ, 1803 ਨੂੰ ਅਕਾਲ ਚਲਾਣੇ ਤੋਂ ਬਾਅਦ ਜੋਧ ਸਿੰਘ ਨੇ ਉਸੇ ਪੰਥਕ ਸੋਚ ਅਤੇ ਵਿਵਹਾਰ ਨਾਲ਼ ਸਿੱਖ ਰਾਜ ਦੀ ਪ੍ਰੰਪਰਾ ਬਰਕਰਾਰ ਰੱਖੀ। ਸੈਨਿਕ ਪੱਖੋਂ ਮਾਹਿਰਾਂ ਲਈ ਇਹ ਹੈਰਾਨੀ ਵਾਲ਼ੀ ਗੱਲ ਹੈ ਕਿ ਜਿਸ ਸਮੇਂ ਸਿੱਖਾਂ ਕੋਲ਼ ਨਾ ਆਪਣਾ ਰਾਜ, ਨਾ ਫੌਜ, ਨਾ ਧਨ ਦਾ ਪੁਖਤਾ ਇੰਤਜ਼ਾਮ ਅਤੇ ਨਾ ਲੋੜੀਂਦੇ ਜੰਗੀ ਹਥਿਆਰ ਸਨ, ਮੁਗ਼ਲਾਂ ਕੋਲ ਤਾਕਤਵਰ ਹਥਿਆਰਬੰਦ ਭਾਰੀ ਗਿਣਤੀ ਵਿਚ ਫੌਜਾਂ।



**ਬੁੰਗੇ ਰਾਮਗੜ੍ਹੀਏ - ਦਰਬਾਰ ਸਾਹਿਬ ਅੰਮ੍ਰਿਤਸਰ**

ਮੁਗਲ ਫੌਜਾਂ ਜਦੋਂ ਲਗਾਤਾਰ ਹਮਲੇ ਕਰ ਰਹੀਆਂ ਸਨ, ਉਸ ਸਮੇਂ ਸਭ ਵਿਪ੍ਰੀਤ ਹਾਲਤਾਂ ਦਾ ਟਾਕਰਾ ਕਰਦੇ ਹੋਏ ਮਿਸਲ ਦਾ ਸਿੱਖ ਰਾਜ ਸਥਾਪਤ ਕਰਨਾ ਕਿਸੇ ਅਦੁਤੀ ਜਰਨੈਲ ਦੀ ਬਹੁ-ਪੱਖੀ ਪ੍ਰਤਿਭਾ ਦਾ ਹੀ ਕ੍ਰਿਸ਼ਮਾ ਸੀ ਜਿਸ ਦੀ ਚਾਲਕ ਸ਼ਕਤੀ ਸਿੱਖੀ ਸਿਧਾਂਤ ਸਨ।

ਜੱਸਾ ਸਿੰਘ ਰਾਮਗੜ੍ਹੀਆ ਦੀ ਇਕ ਜਰਨੈਲ ਵਜੋਂ ਨੈਪੋਲੀਅਨ ਨਾਲ ਤੁਲਨਾ ਕਰਨੀ ਵੀ ਉਚਿਤ ਨਹੀਂ ਕਿਉਂ ਕਿ ਨੈਪੋਲੀਅਨ ਨੂੰ ਤਾਂ ਤਿਆਰ ਬਰਤਿਆਰ ਸੁਸਿੱਖਿਅਤ ਅਤੇ ਤਜਰਬੇਕਾਰ ਫੌਜ ਮਿਲੀ ਸੀ ਅਤੇ ਹਾਲਾਤ ਜਿੱਤਾਂ ਲਈ ਅਨੁਕੂਲ ਸਨ। ਜੱਸਾ ਸਿੰਘ ਇਕ ਜਰਨੈਲ ਸੀ ਜਿਸ ਨੇ ਬਹੁਤ ਥੋੜੀ ਫੌਜ ਨਾਲ ਹਰ ਹਾਲਤ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਅੰਤ ਵਿਚ ਜੇਤੂ ਰਿਹਾ। ਇਕ ਬਹਾਦਰ, ਨਿਧੜਕ, ਦੂਰ-ਦ੍ਰਿਸ਼ਟੀਵੇਤਾ ਅਤੇ ਜੇਤੂ ਜਰਨੈਲ ਹੋਣ ਤੋਂ ਇਲਾਵਾ ਅਣਖੀਲਾ, ਸ਼ਨਿਸ਼ਇਲ, ਦ੍ਰਿੜ੍ਹ ਇਰਾਦੇ ਦਾ ਮਾਲਕ, ਯੁੱਧ-ਕਲਾ ਵਿਚ ਪ੍ਰਵੀਨ ਅਤੇ ਸਿੱਖੀ ਨੂੰ ਪ੍ਰਣਾਏ ਹੋਣਾ ਅਜਿਹੇ ਗੁਣ ਸਨ ਜੋ ਉਸ ਨੂੰ ਸਿੱਖ ਰਾਜ ਦੇ ਉਸਰੱਈਏ ਵਜੋਂ ਮਾਨਤਾ ਦਿਵਾਉਂਦੇ ਹਨ।

ਜੱਸਾ ਸਿੰਘ ਨੇ ਜਿੱਤੇ ਹੋਏ ਇਲਾਕਿਆਂ ਦਾ ਸੁਯੋਗਤਾ ਨਾਲ਼ ਰਾਜ ਪ੍ਰਬੰਧ ਚਲਾਇਆ। ਅਹਿਮ ਸਥਾਨਾਂ 'ਤੇ ਕਿਲਿਆਂ ਦੀ ਉਸਾਰੀ ਕਰਵਾਈ ਜਿੰਨ੍ਹਾਂ ਦੀ ਗਿਣਤੀ ਤਿੰਨ ਸੌ ਤੋਂ ਵੱਧ ਦੱਸੀ ਜਾਂਦੀ ਹੈ। ਉਸ ਦੁਆਰਾ ਤਾਮੀਰ ਕਰਵਾਈਆਂ ਇਹ ਯਾਦਗਾਰਾਂ ਆਉਣ ਵਾਲ਼ੇ ਸਮਿਆਂ ਤਕ ਉਸਦੀ ਅਗਵਾਹੀ ਭਰਣਗੀਆਂ। ਨਿਰਸੰਦੇਹ ਜੱਸਾ ਸਿੰਘ ਰਾਮਗੜ੍ਹੀਏ ਨੇ ਬੰਦਾ ਸਿੰਘ ਬਹਾਦਰ ਮਗਰੋਂ ਸਿੱਖ ਰਾਜ ਸਥਾਪਤ ਕਰਨ ਅਤੇ ਇਸ ਦੀ ਉਸਾਰੀ





Inner view of the Roof of Ramgarhia *Bunge*



The General's Throne inside Ramgarhia *Bunge*


ਵਿਚ ਮੁੱਢਲੀ ਭੂਮਿਕਾ ਨਿਭਾਈ ਜਿਸ ਉਪਰ ਮਹਾਰਾਜਾ ਰਣਜੀਤ ਸਿੰਘ ਨੇ ਵਿਸ਼ਾਲ ਸਿੱਖ ਰਾਜ ਕਾਇਮ ਕੀਤਾ।



**ਸਰਦਾਰ ਜਗਦੇਵ ਸਿੰਘ ਸਿੱਧੂ**

# ਸੂਰਬੀਰ ਜਰਨੈਲ ਅਕਾਲੀ ਫੂਲਾ ਸਿੰਘ

**ਸਰਦਾਰ ਜਸਵਿੰਦਰ ਸਿੰਘ ਰੁਪਾਲ, ਕੈਲਗਰੀ (ਕੈਨੇਡਾ)**



ਜ਼ੋਰ ਦੇ ਸ਼ੋਰ ਦਾ ਜ਼ਿਕਰ ਸੁਣ ਲਓ, ਹੈਸੀ ਨਾਲ ਸਰਕਾਰ ਦੇ ਸੰਗ ਯਾਰੋ।
ਇਕ ਨਾਮੀ ਗਰਾਮੀ ਸਰਦਾਰ ਭਾਰਾ, ਹੁਸ਼ਿਆਰ ਮਾਨਿੰਦ ਪਲੰਗ ਯਾਰੋ।
ਮਸਤ ਜੰਗ ਦੇ ਵਿਚ ਅਨੰਦ ਰਹਿੰਦਾ, ਪੀਂਦਾ ਰੰਗ ਹਰਿਆਵਲੀ ਭੰਗ ਯਾਰੋ।
ਕਾਦਰਯਾਰ ਮਸ਼ਹੂਰ ਜਹਾਨ ਅੰਦਰ, ਫ਼ੂਲਾ ਸਿੰਘ ਅਕਾਲੀ ਨਿਹੰਗ ਯਾਰੋ।੧੩।...(ਕਾਦਰਯਾਰ)

ਅਕਾਲੀ ਫੂਲਾ ਸਿੰਘ ਜੀ ਨਿਹੰਗ ਜਿਨ੍ਹਾਂ ਨੂੰ ਅਕਸਰ ਸੰਤ-ਸਿਪਾਹੀ ਦੇ ਉੱਚ ਆਦਰਸ਼ ਦਾ ਜਿਊਂਦਾ ਰੂਪ ਕਿਹਾ ਜਾਂਦਾ ਹੈ, ਸਿੱਖ ਰਾਜ ਦੇ ਉਭਾਰ ਅਤੇ ਅਕਾਲ-ਤਖਤ ਦੀ ਰੂਹਾਨੀ-ਰਾਜਸੀ ਤਾਕਤ ਨੂੰ ਮਜਬੂਰ ਕਰਨ ਵਾਲੇ ਜਰਨੈਲ ਸਨ। ਉਹਨਾਂ ਦਾ ਜੀਵਨ ਸਿੱਖੀ ਦੇ ਅਨੂਠੇ ਜੰਗੀ ਇਤਿਹਾਸ, ਨਿਹੰਗ ਰੀਤ, ਤਿਆਗੀ ਸੁਭਾਉ ਅਤੇ ਗੁਰੂ ਗ੍ਰੰਥ ਪੰਥ ਦੀ ਸਰਦਾਰੀ ਨੂੰ ਸਮਰਪਿਤ ਰਿਹਾ।



ਡਾ ਰਤਨ ਸਿੰਘ ਜੱਗੀ ਦੇ 'ਸਿੱਖ ਵਿਸ਼ਵ ਕੋਸ਼' ਅਨੁਸਾਰ ਅਕਾਲੀ ਫੂਲਾ ਸਿੰਘ ਦਾ ਜਨਮ ਪੰਜਾਬ ਦੇ ਬਾਂਗਰ ਦੇ ਇਲਾਕੇ ਵਜੋਂ ਜਾਣੇ ਜਾਂਦੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਦੇਹਲਾ ਸਿਹਾਂ ਵਿੱਚ 14 ਜਨਵਰੀ 1760 ਈਸਵੀ ਨੂੰ ਸਰਦਾਰ ਈਸ਼ਰ ਸਿੰਘ ਜੀ ਅਤੇ ਬੀਬੀ ਹਰਿ ਕੌਰ ਦੇ ਘਰ ਹੋਇਆ। ਸਰਦਾਰ ਈਸ਼ਰ ਸਿੰਘ ਜੀ ਵੱਡੇ ਘੱਲੂਘਾਰੇ ਵਿੱਚ ਜਖਮੀ ਹੋ ਗਏ ਅਤੇ ਥੋੜ੍ਹੀ ਦੇਰ ਬਾਅਦ ਹੀ ਉਨਾਂ ਦੀ ਮੌਤ ਹੋ ਗਈ।

ਡਾ ਬਲਕਾਰ ਸਿੰਘ ਅਨੁਸਾਰ ,"ਅਕਾਲੀ ਫੂਲਾ ਸਿੰਘ ਵੀ ਉਸ ਡੇਰੇ ਨਾਲ ਜੁੜੇ ਹੋਏ ਸਨ ਜਿਸ ਨਾਲ ਉਨ੍ਹਾਂ ਦੇ ਪਿਤਾ ਜੀ ਜੁੜੇ ਹੋਏ ਸਨ। ਪਿਤਾ ਦੀ ਮੌਤ ਤੋਂ ਬਾਅਦ ਛੋਟੀ ਉਮਰੇ ਉਹ ਉਸ ਡੇਰੇ

ਵਿਚ ਬਾਬਾ ਨੈਣਾ ਸਿੰਘ ਕੋਲ ਚਲੇ ਗਏ। ਉਥੇ ਉਨ੍ਹਾਂ ਨੇ ਧਰਮ ਦੀ ਅਤੇ ਜੰਗ ਦੀ ਸਿੱਖਿਆ ਲਈ। ਅਸਲ ਵਿੱਚ ਇਹ ਡੇਰੇ ਸਿਖਿਆ ਦਿੰਦੇ ਸਨ ਕਿ ਇੱਕ ਸਿੱਖ ਨੇ ਸਮਾਜ ਵਿਚ ਕਿਸ ਤਰਾਂ ਵਿਚਰਨਾ ਹੈ। ਇੱਕ ਸਮੇਂ ਬਾਅਦ ਉਹ ਇਸ ਡੇਰੇ ਦੇ ਮੁਖੀ ਬਣੇ।" ਅਜੇ 14 ਸਾਲ ਦੇ ਸਨ, ਜਦੋਂ ਮਾਤਾ ਜੀ ਵੀ ਸਾਥ ਛੱਡ ਗਏ। ਬਚਪਨ ਤੋਂ ਹੀ ਨਿਹੰਗ ਦਲ ਨਾਲ ਜੁੜਨ ਅਤੇ ਬੁੱਢਾ ਦਲ ਦੀ ਸੰਗਤ ਵਿਚ ਖਾਲਸਾ ਸੰਤ-ਸਿਪਾਹੀ ਮਰਯਾਦਾ ਵਿਚ ਪਰਪੱਕ ਹੋ ਗਏ। ਰੋਜ਼ਾਨਾ ਦੇ ਨੇਮ ਵਿਚ ਅੰਮ੍ਰਿਤ ਵੇਲਾ, ਆਸਾ ਦੀ ਵਾਰ, ਜਪ ਤਪ, ਸੰਗੀਤਮਈ ਕੀਰਤਨ, ਗੁਰਬਾਣੀ ਅਭਿਆਸ ਦੇ ਨਾਲ ਘੋੜ ਸਵਾਰੀ, ਅਖਾੜਾ, ਸ਼ਸ਼ਤਰ ਵਿੱਦਿਆ ਅਤੇ ਜੰਗੀ ਰਣਨੀਤੀ ਦੀ ਵਿਧੀਬੱਧ ਸਿਖਲਾਈ ਮਿਲਦੀ ਸੀ।

ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜਰੀ ਵਿਚ ਹੋਣ ਵਾਲੇ ਗੁਰਮਤੇ ਨੂੰ ਗੁਰੂ ਦੀ ਸੰਗਤ-ਪ੍ਰਮਾਣਿਤ ਆਗਿਆ ਦੇ ਨਿਭਾਉ ਨੂੰ ਆਪਣੇ ਜੀਵਨ ਦਾ ਸਭ ਤੋਂ ਵੱਡਾ ਫਰਜ ਸਮਝਦੇ ਸਨ। ਨਿਹੰਗ ਰੀਤ ਵਿੱਚ ਉਨ੍ਹਾਂ ਦੀ ਚੜ੍ਹਦੀ ਕਲਾ, ਨਿਰਭਉ ਨਿਰਵੈਰ ਮਨੋਭਾਵ, ਲੰਗਰ ਸੇਵਾ ਅਤੇ ਮਰਨ ਲਈ ਹਮੇਸ਼ਾ ਤਿਆਰ ਰਹਿੰਦੈ ਜਿਹੜਾ ਸੰਤ-ਸਿਪਾਹੀ ਦੇ ਸੰਕਲਪ ਨੂੰ ਜੀਵਤ ਕਰਦੇ। ਉਹ ਨਿਹੰਗ ਰੰਗ ਦੇ ਨੀਲ ਬਸਤਰ ਬਾਨਿਆਂ ਅਤੇ ਖਾਲਸਾ ਪੰਥ ਦੀ ਮਿਥੀ ਪ੍ਰਥਾ ਦੇ ਪ੍ਰਤੀਕ ਵਜੋਂ ਮਸ਼ਹੂਰ ਹੋਏ। ਅੰਤ ਵਿਚ ਬੁੱਢਾ ਦਲ ਦੇ ਛੇਵੇਂ ਜੱਥੇਦਾਰ ਅਤੇ ਅਕਾਲ ਬੁੰਗਾ ਦੇ ਮੁੱਖ ਸੇਵਾਦਾਰ ਦੇ ਰੂਪ ਵਿਚ ਪ੍ਰਮੁੱਖ ਸਥਿਤੀ ਵਿਚ ਆ ਗਏ।

## ਅੰਮ੍ਰਿਤਸਰ ਅਤੇ ਗੁਰਦੁਆਰੇ

1800 ਦੇ ਆਸ ਪਾਸ ਅਕਾਲੀ ਫੂਲਾ ਸਿੰਘ ਨੇ ਅੰਮ੍ਰਿਤਸਰ ਆ ਕੇ ਉੱਥੋਂ ਦੇ ਮਹੰਤਾਂ ਅਤੇ ਗੁਰਦੁਆਰਿਆਂ ਦੀ ਬਦਇੰਤਜਾਮੀ ਨੂੰ ਠੀਕ ਕੀਤਾ। ਗੁਰਦੁਆਰਾ ਪ੍ਰਬੰਧ ਵਿਚ ਧਾਰਮਿਕ ਅਨੁਸਾਸ਼ਨ, ਲੰਗਰ ਅਤੇ ਸੰਗਤ ਦੇ ਹੱਕ ਦੀ ਪੱਖ ਦਾਰੀ ਕੀਤੀ। ਰਣਜੀਤ ਸਿੰਘ ਨੂੰ ਭੰਗੀਆਂ ਦੀ ਤੋਪ ਦੇਣ ਤੋਂ ਇਨਕਾਰ ਕਰਨ ਕਰਕੇ ਭੰਗੀ ਮਿਸਲ ਦੇ ਗੁਲਾਬ ਸਿੰਘ ਦੇ ਪੁੱਤਰ ਨੂੰ ਮਾਰ ਦਿੱਤਾ। ਅੰਮ੍ਰਿਤਸਰ ਨੂੰ ਜਿੱਤ ਕੇ ਉਨਾਂ ਸ਼ਹਿਰ ਦੇ ਵਸਨੀਕਾਂ ਨੂੰ ਲੁੱਟ ਖਸੁੱਟ ਨਾ ਕਰਨ ਦਿੱਤੀ ਅਤੇ ਖਾਲਸਾ ਰਾਜ ਦੇ ਨੈਤਿਕ ਮਾਡਲ ਦੀ ਰੱਖਿਆ ਹੋਈ। ਮਹਾਰਾਜਾ ਨੇ ਅਕਾਲ ਨਾਂ ਦੀ ਇਕ ਰੈਜਮੈਂਟ ਬਣਾਈ ਤੇ ਜਰਨੈਲ ਫੂਲਾ ਸਿੰਘ ਨੂੰ ਉਸਦਾ ਮੁਖੀ ਥਾਪ ਦਿੱਤਾ।

## ਜੰਗਾਂ ਅਤੇ ਫੌਜੀ ਸੇਵਾ

ਕਸੂਰ ਦੀ ਲੜਾਈ (1807) ਵਿਚ ਨਵਾਬ ਕਸੂਰ ਦੇ ਖਿਲਾਫ ਪਹਿਲੀ ਵੱਡੀ ਲੜਾਈ ਵਿਚ ਅਕਾਲੀ ਫੂਲਾ ਸਿੰਘ ਅਤੇ ਉਹਨਾਂ ਦੇ ਨਿਹੰਗ ਦਲ ਨੇ ਦਰਬਾਰ-ਏ-ਖਾਲਸਾ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਮੋਹਰੀ ਭੂਮਿਕਾ ਨਿਭਾਈ। ਕਸੂਰ ਦਾ ਕਿਲ੍ਹਾ ਬਹੁਤ ਮਜਬੂਤ ਸੀ। ਸਿੱਖ ਤੋਪਾਂ ਨੇ ਇੱਕ ਮਹੀਨੇ ਤੱਕ ਕੰਧਾਂ ਤੇ ਗੋਲਾਬਾਰੀ ਕੀਤੀ, ਫਿਰ ਗੁਪਤ ਤਰੀਕੇ ਨਾਲ ਕਿਵਾੜਾਂ ਦੇ ਹੇਠਾਂ ਬਾਰੂਦ ਲਗਾ ਕੇ ਕੰਗੂਰਾ ਤੋੜਿਆ ਗਿਆ। ਸਭ ਤੋਂ ਪਹਿਲਾਂ ਨਿਹੰਗ ਸਿੰਘ ਅਕਾਲੀ ਜੀਂ ਦੀ ਅਗਵਾਈ ਵਿਚ ਉਸ ਸੁੱਤ ਦੇ ਰਾਹੀਂ ਅੰਦਰ ਦਾਖਲ ਹੋਏ ਅਤੇ ਹੱਥੋਂ ਹੱਥੀ ਜੰਗ ਵਿਚ ਕਿਲ੍ਹਾ ਜਿੱਤਿਆ।

ਨਵਾਬ ਕਸੂਰ ਦੀ ਗ੍ਰਿਫਤਾਰੀ ਤੋਂ ਬਾਅਦ ਵੀ ਅਕਾਲੀ ਫੂਲਾ ਸਿੰਘ ਨੇ ਗੁਰੂ ਸਿੱਖੀ ਦੇ ਨਿਆਂ ਸਿਧਾਂਤ ਦੇ ਅਨੁਸਾਰ ਉਸ ਨਾਲ ਬੇਇਨਸਾਫ਼ੀ ਤੋਂ ਬਚਦੇ ਹੋਏ ਉਸਨੂੰ ਸਤਲੁਜ ਨੇੜੇ ਇੱਕ ਜਮੀਨ ਦੇ ਦੇਣ ਦੀ ਸਿਫਾਰਿਸ਼ ਕੀਤੀ ਜੋ ਉਹਨਾਂ ਦੀ ਇਨਸਾਫ ਪਸੰਦ ਪ੍ਰਵਿਰਤੀ ਨੂੰ ਦਰਸਾਉਂਦਾ ਹੈ।

ਇਤਿਹਾਸਕਾਰ ਡਾ ਹਰਜਿੰਦਰ ਸਿੰਘ ਦਿਲਗੀਰ ਸਿੱਖ ਤਵਾਰੀਖ ਵਿਚ ਲਿਖਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਦੇ ਡੋਗਰਿਆਂ ਨੂੰ ਵੱਡੇ ਤੇ ਅਹਿਮ ਅਹੁਦੇ ਦਿੱਤੇ ਜਾਣ, ਮਿਸਰ ਗੰਗਾ ਰਾਮ ਦੀਆਂ ਸਿੱਖ ਕਾਰਵਾਈਆਂ, ਗੰਗਾ ਰਾਮ

ਵਲੋਂ ਲਾਹੌਰ ਦਰਬਾਰ ਵਿਚ ਰਿਸ਼ਤੇਦਾਰਾਂ ਦੀ ਭਰਤੀਂ ਸੀ।

ਹਿੰਦੂ ਅਹਿਲਕਾਰਾਂ ਵਲੋਂ ਰਣਜੀਤ ਸਿੰਘ ਤੇ ਕੁੰਵਰ ਖੜਕ ਸਿੰਘ, ਰਣਜੀਤ ਸਿੰਘ ਤੇ ਕੁੰਵਰ ਸ਼ੇਰ ਸਿੰਘ ਵਿਚਕਾਰ ਪੈਦਾ ਕੀਤੀ ਨਫਰਤ ਅਤੇ ਰਣਜੀਤ ਸਿੰਘ ਦੀਆਂ ਬ੍ਰਾਹਮਣਵਾਦ ਵਾਲੀਆਂ ਕਾਰਵਾਈਆਂ ਵਿਚ ਵਾਧੇ ਤੋਂ ਅਕਾਲੀ ਫੂਲਾ ਸਿੰਘ ਬਹੁਤ ਨਿਰਾਸ਼ ਹੋ ਗਏ ਸਨ। ਰਣਜੀਤ ਸਿੰਘ ਸ਼ਰਾਬ ਤੇ ਸ਼ਬਾਬ ਵਿਚ ਮਸਤ ਫੂਲਾ ਸਿੰਘ ਜੀ ਦੀ ਬਹੁਤੀ ਪਰਵਾਹ ਨਹੀਂ ਸੀ ਕਰਦਾ।

ਸਤੰਬਰ 1814 ਵਿਚ ਫੂਲਾ ਸਿੰਘ ਅੰਮ੍ਰਿਤਸਰ ਛੱਡ ਕੇ ਅਨੰਦਪੁਰ ਚਲਿਆ ਗਿਆ। ਇੱਕ ਵਿਚਾਰ ਅਨੁਸਾਰ ਫੂਲਾ ਸਿੰਘ ਦਾ ਨਿਰਾਸ਼ ਹੋ ਕੇ ਭੱਜਣਾ ਬਹਾਦਰੀ ਨਹੀਂ, ਬਲਕਿ ਕਮਜ਼ੋਰੀ ਸੀ। ਸ਼ਾਇਦ ਉਹ ਰਣਜੀਤ ਸਿੰਘ ਦੀ ਵੱਡੀ ਫੌਜ ਨਾਲ ਮੱਥਾ ਨਹੀਂ ਸੀ ਲਾਉਣਾ ਚਾਹੁੰਦਾ।

ਮਹਾਰਾਜਾ ਜੀਂਦ ਅੰਗਰੇਜਾਂ ਨਾਲ ਕਿਸੇ ਗਲ਼ੋਂ ਨਾਰਾਜ਼ ਸੀ ਤੇ ਉਹ ਅਕਾਲੀ ਫੂਲਾ ਸਿੰਘ ਦੀ ਸ਼ਰਨ ਵਿਚ ਅਨੰਦਪੁਰ ਆ ਗਿਆ। ਅੰਗਰੇਜਾਂ ਨੇ ਰਣਜੀਤ ਸਿੰਘ ਅਤੇ ਮਹਾਰਾਜਾ ਨਾਭਾ ਪਾਸੋਂ ਫੂਲਾ ਸਿੰਘ ਤੇ ਜੋਰ ਪਾਇਆ ਕਿ ਉਹ ਜੀਂਦ ਦੇ ਰਾਜੇ ਨੂੰ ਕੱਢ ਦੇਣ, ਪਰ ਸਿਰੜ ਦੇ ਪੱਕੇ ਅਕਾਲੀ ਫੂਲਾ ਸਿੰਘ ਨੇ ਸ਼ਰਨ ਆਏ ਨੂੰ ਧੱਕਾ ਦੇਣਾ ਠੀਕ ਨਾ ਸਮਝਿਆ।

ਡੋਗਰਿਆਂ ਦੀ ਸਾਜਿਸ਼ ਨਾਲ ਅਨੰਦਪੁਰ ਚੜ੍ਹਾਈ ਕਰਕੇ ਫੂਲਾ ਸਿੰਘ ਨੂੰ ਮੋੜ ਲਿਆਉਣ ਲਈ ਵੀ ਹੁਕਮ ਕੀਤਾ ਗਿਆ ਪਰ ਸਿੱਖ ਫ਼ੌਜ ਨੇ ਅਕਾਲੀ ਜੀ ਵਿਰੁੱਧ ਲੜਨ ਤੋਂ ਨਾਂਹ ਕਰ ਦਿੱਤੀ।

ਅੰਗਰੇਜਾਂ ਦੇ ਕਹਿਣ ਤੇ ਇਸੇ ਮੰਤਵ ਲਈ ਨਵਾਬ ਮਲੇਰਕੋਟਲਾ ਤੇ ਰਾਜਾ ਜਸਵੰਤ ਸਿੰਘ ਨਾਭਾ ਦੀਆਂ ਫੌਜਾਂ ਨੇ ਵੀ ਅਕਾਲੀ ਫੂਲਾ ਸਿੰਘ ਵਿਰੁੱਧ ਲੜਨ ਤੋਂ ਇਨਕਾਰ ਕਰ ਦਿੱਤਾ। ਰਣਜੀਤ ਸਿੰਘ ਨੂੰ ਪਤਾ ਲੱਗਣ ਤੇ ਉਹ ਆਪ ਅਕਾਲੀ ਫੂਲਾ ਸਿੰਘ ਕੋਲ ਪੁੱਜੇ ਅਤੇ ਪਿਆਰ ਨਾਲ ਵਾਪਸ ਅੰਮ੍ਰਿਤਸਰ ਮੋੜ ਲਿਆਏ।

ਮੁਲਤਾਨ ਦੀ ਲੜਾਈ ਵਿਚ ਅਕਾਲੀ ਫੂਲਾ ਸਿੰਘ ਦੇ ਨਿਹੰਗ ਦਲ ਨੇ ਇੱਕ ਬੜੀ ਤਿਆਗਮਈ ਕਾਰਵਾਈ ਕੀਤੀ। ਕਿਲੇ ਦੀ ਕੰਧ ਤੋੜਨ ਲਈ ਜਦੋਂ ਤੋਪ ਨੂੰ ਝੁਕਾਉਣ ਦੀ ਲੋੜ ਪਈ ਤਾਂ ਨਿਹੰਗ ਜੱਥੇਦਾਰਾਂ ਨੇ ਇੱਕ ਪਾਸੇ ਤੋਪ ਦੇ ਹੇਠਾਂ ਆਪਣੇ ਸਰੀਰ ਰੱਖ ਕੇ ਉਸਨੂੰ ਠੀਕ ਕੋਣ ਤੇ ਲਿਆ ਅਤੇ ਵਾਰ ਵਾਰ ਗੋਲੇ ਦਾਗਣ ਨਾਲ ਕਈ ਸਿੰਘ ਸ਼ਹੀਦ ਹੋ ਗਏ। ਇਹ ਘਟਨਾ ਸਿੱਖ ਜੰਗੀ ਇਤਿਹਾਸ ਵਿਚ "ਆਪਣੇ ਸਰੀਰਾਂ ਨੂੰ ਤੋਪ ਦੀ ਟੇਕ ਬਣਾਉਣ "ਵਜੋਂ ਦਰਜ ਹੈ। ਇਸ ਮੁਲਤਾਨ ਨੂੰ ਜਿੱਤਣ ਵਿਚ 5 ਵਾਰੀ ਰਣਜੀਤ ਸਿੰਘ ਅਸਫਲ ਹੋ ਚੁੱਕਿਆ ਸੀ, ਜਿਸ ਤੇ ਹੁਣ ਅਕਾਲੀ ਫੂਲਾ ਸਿੰਘ ਦੇ ਜੱਥੇ ਨੇ ਜਿੱਤ ਹਾਸਲ ਕੀਤੀ ਅਤੇ ਰਣਜੀਤ ਸਿੰਘ ਦੀ ਝੋਲੀ ਵਿਚ ਪਾਈ।

1818 ਦੇ ਕਰੀਬ ਜਦੋਂ ਅਟਕ ਦੇ ਨੇੜੇ ਕਈ ਪਠਾਨ ਕਬੀਲਿਆਂ ਨੇ ਬਗਾਵਤ ਕੀਤੀ, ਪਹਿਲਾਂ ਛੋਟਾ ਜੱਥਾ ਭੇਜਿਆ ਗਿਆ ਜੋ ਘਾਤ ਲਾ ਕੇ ਬਰਬਾਦ ਕਰ ਦਿੱਤਾ ਗਿਆ। ਇਸ ਤੇ ਮਹਾਰਾਜਾ ਰਣਜੀਤ ਸਿੰਘ ਪ੍ਰੇਸ਼ਾਨ ਹੋਏ ਅਤੇ ਅਕਾਲੀ ਫੂਲਾ ਸਿੰਘ ਨੂੰ ਹਰੀ ਸਿੰਘ ਨਲੂਆ ਦੇ ਨਾਲ ਭੇਜਿਆ ਗਿਆ। ਨਿਹੰਗ ਦਲ ਨੇ ਅੱਗੇ ਵਧ ਕੇ ਪਠਾਨ ਬਗਾਵਤ ਨੂੰ ਕੁਚਲਿਆ ਜਿਸ ਨਾਲ ਉੱਤਰ ਪੱਛਮੀ ਸਰਹੱਦ ਤੇ ਸਿੱਖ ਰਾਜ ਦਾ ਦਬਦਬਾ ਬਰਕਰਾਰ ਰਿਹਾ।

1819 ਵਿੱਚ ਕਸ਼ਮੀਰ ਦੇ ਸਾਸ਼ਕ ਨੇ ਕੀਤੇ ਗਏ ਇਕ ਸਮਝੌਤੇ ਨੂੰ ਤੋੜਿਆ, ਸਿੱਧੇ ਦਰਰੇ ਵਲੁਏ ਰਸਤਾ ਸੁਰਖਿਅਤ ਹੋਣ ਕਰਕੇ ਬੰਦ ਸੀ ਇਸ ਲਈ ਫੌਜ ਨੂੰ ਹਦਾਇਤ ਮਿਲੀ ਕਿ ਪਹਾੜੀ ਪਗਡੰਡੀਆਂ ਰਾਹੀਂ ਪਿਛਲੇ ਰੱਖਿਆਂ ਤੇ ਹਮਲਾ ਕਰਨਾ ਹੈ। ਇਸ ਰਣਨੀਤਕ ਕਦਮ ਦੀ ਅਗਵਾਈ ਅਕਾਲੀ ਫੂਲਾ ਸਿੰਘ ਨੇ ਕੀਤੀ, ਸਿਖਾਂ ਨੇ ਪਹਿਲਾਂ ਬਾਹਰੀ ਮੋਹਰੇ ਕਬਜੇ ਕੀਤੇ ਫਿਰ ਜੰਗ

ਤੋਂ ਬਾਅਦ ਮੁੱਖ ਕਿਲ੍ਹਾ ਫਤਹਿ ਕੀਤਾ ਅਤੇ ਕਸ਼ਮੀਰ ਸਿੱਖ ਰਾਜ ਵਿਚ ਸ਼ਾਮਲ ਹੋ ਗਿਆ।

ਪਿਸ਼ਾਵਰ ਦੇ ਹਾਕਮ ਮੁਹੰਮਦ ਅਜ਼ੀਜ਼ ਖਾਂ ਨੇ ਬਗਾਵਤ ਕਰ ਦਿੱਤੀ। ਲੱਖਾਂ ਦੀ ਗਿਣਤੀ ਵਿਚ ਸੈਨਾ ਇਕੱਠੀ ਕਰਕੇ ਸਿੱਖ ਰਾਜ ਵਿਰੁੱਧ ਜੰਗ ਛੇੜ ਦਿੱਤੀ। ਨੁਸ਼ਹਿਰੇ ਲੂੰਡੇ ਦਰਿਆ ਕੋਲ ਉਸਨੇ ਭਾਰੀ ਤੋਪਖਾਨੇ ਨਾਲ ਸਿੱਖ ਫੌਜਾਂ ਦਾ ਪਿਸ਼ਾਵਰ ਨੂੰ ਜਾਣ ਵਾਲਾ ਰਾਹ ਰੋਕ ਲਿਆ। ਰਣਜੀਤ ਸਿੰਘ ਨੇ ਅਟਕ ਨੂੰ ਪਾਰ ਕੀਤਾ ਫਿਰ ਉਹਨਾਂ ਨੂੰ ਨੁਸ਼ਹਿਰੇ ਵੱਲ ਦੁਸ਼ਮਣ ਫੌਜਾਂ ਦੀ ਤਿਆਰੀ ਬਾਰੇ ਸੂਚਨਾ ਮਿਲੀ। ਸਿੰਘਾਂ ਨੇ ਅਰਦਾਸ ਕੀਤੀ ਤੇ ਚੜ੍ਹਾਈ ਸ਼ੁਰੂ ਕਰ ਦਿੱਤੀ ਪਰ ਉਸ ਵੇਲੇ ਤੱਕ ਪਿੱਛੋਂ ਤੋਪਾਂ ਨਹੀਂ ਸਨ ਪਹੁੰਚੀਆਂ। ਇਸ ਲਈ ਤੋਪਾਂ ਦੀ ਉਡੀਕ ਵਿੱਚ ਮੁਹਿੰਮ ਨੂੰ ਕੁਝ ਚਿਰ ਪਿੱਛੇ ਪਾਉਣਾ ਮੁਨਾਸਿਬ ਸਮਝਦਿਆਂ ਮਹਾਰਾਜਾ ਨੇ ਫੌਜਾਂ ਨੂੰ ਰੁਕਣ ਦਾ ਹੁਕਮ ਦੇ ਦਿੱਤਾ। ਅਕਾਲੀ ਫੂਲਾ ਸਿੰਘ ਨੇ ਅਰਦਾਸ ਦਾ ਹਵਾਲਾ ਦੇ ਕੇ ਕੜਕ ਕੇ ਕਿਹਾ ਚੜ੍ਹਾਈ ਹੁਣੇ ਹੀ ਹੋਵੇਗੀ।

ਪ੍ਰੋ. ਸਰਬਜਿੰਦਰ ਸਿੰਘ ਅਨੁਸਾਰ ਨੁਸ਼ਹਿਰਾ ਦੀ ਲੜਾਈ ਅਫਗਾਨਿਸਤਾਨ ਦੇ ਬਾਦਸ਼ਾਹ ਨਾਲ ਹੋਈ ਤਾਂ ਉਹ 50,000 ਸੈਨਿਕਾਂ ਦੀ ਫੌਜ ਲੈ ਕੇ ਆਏ ਸਨ ਪਰ ਅਕਾਲੀ ਫੂਲਾ ਸਿੰਘ ਕੋਲ 1500 ਸੈਨਿਕਾਂ ਦੀ ਫੌਜ ਸੀ।

ਪ੍ਰੋ.ਸਾਹਿਬ ਲਿਖਦੇ ਹਨ, "ਇਸ ਲੜਾਈ ਵਿਚ ਮਹਾਰਾਜਾ ਰਣਜੀਤ ਸਿੰਘ ਛਾਪਾਮਾਰ ਗੁਰੀਲਾ ਯੁੱਧ ਦੀ ਤਕਨੀਕ ਅਪਨਾਉਣਾ ਚਾਹੁੰਦੇ ਸਨ, ਪ

ਬਾਬਾ ਫੂਲਾ ਸਿੰਘ ਨੇ ਅੱਗੇ ਵਧਣ ਦਾ ਫੈਸਲਾ ਕੀਤਾ ਅਤੇ ਕਿਹਾ ਕਿ ਉਹ “ਅਰਦਾਸਾ ਸੋਧ ਚੁੱਕੇ ਹਨ" ਅਤੇ "ਚੜ੍ਹਾਈ ਕਰਨਗੇ।" ਫੂਲਾ ਸਿੰਘ ਦੇ ਘੋੜ ਸਵਾਰਾਂ ਦੀ ਫੌਜ ਨਾਲ ਦਰਿਆ ਟੱਪ ਕੇ ਹਮਲਾ ਕਰ ਦਿੱਤਾ। ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਇਸ ਦਲੇਰੀ ਨੂੰ ਦੇਖਿਆ ਤਾਂ ਉਹ ਵੀ ਪਿੱਛੇ ਨਾ ਰਹਿ ਸਕੇ ਅਤੇ ਸ਼ਹਿਜ਼ਾਦਾ ਖੜਕ ਸਿੰਘ, ਸਰਦਾਰ ਹਰੀ ਸਿੰਘ ਨਲੂਆ ਅਤੇ ਸਰਦਾਰ ਸ਼ਾਮ ਸਿੰਘ ਅਟਾਰੀ ਦੀ ਕਮਾਨ ਹੇਠ ਸਿੱਖ ਫੌਜਾਂ ਨੂੰ ਅੱਗੇ ਵਧਣ ਲਈ ਕਿਹਾ।

ਆਪਣੇ ਅਰਦਾਸੇ ਅਨੁਸਾਰ ਦੁਸ਼ਮਣ ਦਲਾਂ ਨੂੰ ਚੀਰਦੇ ਹਜਾਰਾਂ ਪਠਾਣਾਂ ਨੂੰ ਰੱਬ ਦੇ ਘਰ ਪਹੁੰਚਾ ਦਿੱਤਾ। 1823 ਦੀ ਇਸ ਘਮਸਾਨ ਜੰਗ ਦੌਰਾਨ ਨਿਹੰਗ ਫੌਜ ਘੋੜਿਆਂ ਤੇ ਸਵਾਰ ਹੋ ਕੇ ਪਹਿਲਾਂ ਦੁਸ਼ਮਣ ਦੇ ਮੱਥੇ ਤੇ ਜਾ ਟਕਰਾਈ। ਨੇੜੇ ਪੁੱਜ ਕੇ ਘੋੜੇ ਛੱਡ ਕੇ ਪੈਦਲ ਹੱਥੋਂ ਹੱਥੀ ਤਲਵਾਰਬਾਜ਼ੀ ਕੀਤੀ, ਤੇ ਦੁਸ਼ਮਣ ਦੇ ਕਈ ਮੋਰਚੇ ਤੋੜੇ। ਪਰ ਨਿਹੰਗ ਫੌਜਾਂ ਵੀ ਵੱਡੀ ਗਿਣਤੀ ਵਿਚ ਸ਼ਹੀਦ ਹੋਈਆਂ।

ਕਾਦਰਯਾਰ ਆਪਣੀਆਂ ਸੀ-ਹਰਫ਼ੀਆਂ ਵਿਚ ਜਿਕਰ ਕਰਦਾ ਹੈ -

ਵਾਓ ਵਰ੍ਹਾਈ ਫਿਰ ਸਿੰਘ ਤਲਵਾਰ ਐਸੀ, ਦੂਰੋਂ ਆਉਂਦਾ ਪਿਆ ਸੀ ਖੜਕ ਮੀਆਂ॥

ਜਿੰਨ੍ਹ ਧਾਰ ਤਲਵਾਰ ਇੱਕ ਵਾਰ ਚੁੱਭੀ, ਗਿਆ ਵਾਂਗ ਕਰੀਰ ਦੇ ਕੜਕ ਮੀਆਂ॥

ਲਾ ਜਰੂਰ ਅਫਗਾਨ ਬੇ-ਖੌਫ ਹੁੰਦੇ, ਲੇਕਿਨ ਸਿੰਘ ਸੀ ਬਹੁਤ ਬੇਧੜਕ ਮੀਆਂ॥

ਕਾਦਰਯਾਰ ਅਫਗਾਨ ਬੇਸ਼ਕ ਲੜਦੇ, ਐਪਰ ਝੱਲ ਨਾ ਸਕਦੇਂ ਫੜਕ ਮੀਆਂ॥ ੨੯॥

ਅਕਾਲੀ ਫੂਲਾ ਸਿੰਘ ਅੱਗੇ ਅੱਗੇ ਰਹੇ ਅਤੇ ਆਖਰੀ ਵਾਰ ਉਹ ਇੱਕ ਤਿੱਖੇ ਹਮਲੇ ਦੌਰਾਨ ਖੁਦ ਵੀ ਦੁਸ਼ਮਣ ਦੇ ਹਮਲਿਆਂ 7 ਗੋਲੀਆਂ ਖਾ ਕੇ ਜੰਗ ਵਿੱਚ ਸ਼ਹੀਦ ਹੋ ਗਏ। ਉਨ੍ਹਾਂ ਦੇ ਜਜ਼ਬੇ ਨੇ ਪੂਰੀ ਸਿੱਖ ਫ਼ੌਜ ਦੇ ਮਨੋਬਲ ਨੂੰ ਇਸ ਕਦਰ ਉਭਾਰਿਆ ਕਿ ਅੰਤ ਵਿਚ ਨੁਸ਼ਹਿਰਾ ਵਿਚ ਅਫਗਾਨ ਕਬੀਲਿਆਂ ਨੂੰ ਭਾਰੀ ਨੁਕਸਾਨ ਨਾਲ ਪਿੱਛੇ ਹਟਣਾ ਪਿਆ। ਉਹਨਾਂ ਦੀ ਸ਼ਹਾਦਤ ਤੋਂ ਬਾਅਦ ਵੀ ਨਿਹੰਗ ਦਲ ਲੜਦਾ ਰਿਹਾ ਅਤੇ

ਉਹਨਾਂ ਦਾ ਸੰਸਕਾਰ ਫੌਜੀ ਸ਼ਾਨ ਨਾਲ ਇੱਥੇ ਹੀ ਕੀਤਾ ਗਿਆ। ਉਹਨਾਂ ਦੀ ਸਮਾਧ ਨੁਸ਼ਹਿਰਾ ਪੰਨੂੰਆਂ ਤੋਂ 6 ਕਿਲੋ ਮੀਟਰ ਦੂਰ ਲੂੰਭੇ ਦਰਿਆ ਦੇ ਕੰਢੇ ਤੇ ਹੈ।

ਇਹ ਇੱਕ ਮੰਨੀ ਹੋਈ ਸਚਾਈ ਸੀ ਕਿ ਸਿੱਖ ਰਾਜ ਵਿਚ ਇਸਤੋਂ ਵੱਧ ਸੂਰਬੀਰ, ਧਾਰਮਿਕ ਤੌਰ ਤੇ ਪ੍ਰਪੱਕ ਅਤੇ ਨਿਡਰ ਕੋਈ ਹੋਰ ਜਰਨੈਲ ਨਜਰ ਨਹੀਂ ਆਉਂਦਾ । ਹਰ ਸਾਲ ਉਹਨਾਂ ਦੇ ਪਿੰਡ ਦੇਹਲਾ ਸੀਹਾਂ ਜਿਲਾ ਸੰਗਰੂਰ ਵਿਚ 14 ਜਨਵਰੀ ਨੂੰ ਜਨਮ ਦਿਹਾੜਾ ਅਤੇ 10 ਤੋਂ 14 ਮਾਰਚ ਤੱਕ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਉਹਨਾਂ ਨੇ ਸਾਰੀ ਉਮਰ ਵਿਆਹ ਨਹੀਂ ਸੀ ਕਰਵਾਇਆ। ਉਹਨਾਂ ਦੇ ਭਰਾ ਸੰਤ ਸਿੰਘ ਦੀ ਔਲਾਦ ਅੱਜ ਵੀ ਤਰਨਤਾਰਨ ਇਲਾਕੇ ਵਿਚ ਹੈ। ਅਕਾਲੀ ਫੂਲਾ ਸਿੰਘ ਦਾ ਬੁਰਜ ਅਤੇ ਛਾਉਣੀ ਅੰਮ੍ਰਿਤਸਰ ਵਿਚ ਦੇਖੀ ਜਾ ਸਕਦੀ ਹੈ।

ਫੂਲਾ ਸਿੰਘ, ਮਹਾਰਾਜਾ ਰਣਜੀਤ ਸਿੰਘ ਦੇ ਚੋਣਵੇਂ ਉੱਤਮ ਜਰਨੈਲਾਂ ਵਿਚੋਂ ਇੱਕ ਸਨ। ਉਹਨਾਂ ਨੇ ਰਾਜੇ ਨੂੰ ਕਸੂਰ, ਮੁਲਤਾਨ, ਕਸ਼ਮੀਰ, ਪਿਸ਼ਾਵਰ, ਬਿਹਾਵਲਪੁਰ ਤੇ ਅਟਕ ਵਰਗੀਆਂ ਔਖੀਆਂ ਜੰਗਾਂ ਜਿੱਤ ਜਿੱਤੀਆਂ। ਪਰ ਮਹਾਰਾਜਾ ਰਣਜੀਤ ਸਿੰਘ ਨੇ ਅਕਾਲੀ ਫੂਲਾ ਸਿੰਘ ਦੀ ਉਨੀ ਕਦਰ ਨਹੀਂ ਕੀਤੀ, ਜਿੰਨੀ ਦਾ ਉਹ ਹੱਕਦਾਰ ਸੀ।

ਅਕਾਲੀ ਫੂਲਾ ਸਿੰਘ ਨੂੰ ਬਹੁਤੀ ਵਾਰ ਜਥੇਦਾਰ ਅਕਾਲ ਤਖਤ ਵੀ ਕਹਿ ਦਿੱਤਾ ਜਾਂਦਾ ਹੈ ਜਦ ਕਿ ਆਧੁਨਿਕ ਵਿਦਵਾਨਾਂ ਅਨੁਸਾਰ ਉਹਨਾਂ ਦੀ ਪਦਵੀ ਮੁੱਖ ਸੇਵਾਦਾਰ ਅਕਾਲ ਬੁੰਗਾ ਜਾਂ ਮੁਖੀ ਨਿਹੰਗ ਬੁੱਢਾ ਦਲ ਸੀ। ਅਕਾਲ ਤਖਤ ਦੀ ਸੰਸਥਾ ਆਪਣੇ ਨਾਮ ਅਤੇ ਸਰੂਪ ਵਿਚ ਵਿਕਸਿਤ ਨਹੀਂ ਸੀ ਹੋਈ। ਪਰ ਅਮਲੀ ਤੌਰ ਤੇ ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜਰੀ ਵਿਚ ਪੰਥਕ ਗੁਰਮਤੇ ਕਰਵਾਉਣ, ਵਿਵਾਦਾਂ ਤੇ ਫੈਸਲੇ ਕਰਨ ਅਤੇ ਸੰਗਤਾਂ ਲਈ ਅੰਤਿਮ ਪੰਥਕ ਅਧਿਕਾਰਤਾ ਦਾ ਰੂਪ ਸਨ। ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਇੱਕ ਮੁਸਲਮਾਨ ਨਰਤਕੀ ਨਾਲ ਵਿਆਹ ਕੀਤਾ ਜਿਸਨੂੰ ਖਾਲਸਾ ਰਾਜ ਵਿਚ ਗੁਰਮਤਿ ਦੀ ਉਲੰਘਣਾ ਮੰਨਿਆ ਜਾਂਦਾ ਹੈ ਤਾਂ ਅਕਾਲੀ ਫੂਲਾ ਸਿੰਘ ਨੇ ਉਸਨੂੰ ਹਾਜਰ ਹੋਣ ਦਾ ਹੁਕਮ ਸੁਣਾ ਦਿੱਤਾ। ਮਹਾਰਾਜਾ ਹਾਜਰ ਹੋਏ, ਗਲਤੀ ਵੀ ਸਵੀਕਾਰ ਕੀਤੀ, ਪੰਥਕ ਸੰਗਤ ਨੇ ਉਹਨਾਂ ਲਈ ਕੋੜਿਆਂ ਦੀ ਸਜਾ ਦਾ ਫੈਸਲਾ ਕੀਤਾ, ਜਿਸ ਨੂੰ ਰਾਜੇ ਨੇ ਨਿਮਰਤਾ ਨਾਲ ਸਵੀਕਾਰ ਕੀਤਾ। ਕਹਾਣੀ ਅਨੁਸਾਰ ਅਕਾਲੀ ਫੂਲਾ ਸਿੰਘ ਨੇ ਰਾਜੇ ਦੀ ਨਿਮਰਤਾ ਅਤੇ ਤੋਬਾ ਦੇਖ ਕੇ ਉਸਨੂੰ ਮੁਆਫੀ ਦੀ ਸਿਫਾਰਸ਼ ਕਰ ਦਿੱਤੀ।

ਇਸਤੋਂ ਇਹ ਸਪਸ਼ਟ ਹੋਇਆ ਕਿ ਉਹ ਰਾਜੇ ਨੂੰ ਵੀ ਗ੍ਰੰਥ ਪੰਥ ਤੋਂ ਉੱਪਰ ਨਹੀਂ ਸੀ ਮੰਨਦੇ। ਉਸਦੀ ਨਿਮਰਤਾ ਤੇ ਭਾਵਨਾ ਦੇਖ ਕੇ ਮੁਆਫ ਕਰਨਾ ਵੀ ਖਾਲਸਾਈ ਬਿਰਦ ਦੇ ਅਨੁਸਾਰ ਸੀ। ਸਿੱਖ ਕੌਮ ਆਪਣੇ ਹੀਰੇ ਨੂੰ ਹਮੇਸ਼ਾ ਯਾਦ ਕਰੇਗੀ ਜਿਸ ਨੇ ਨਿਰਭਉ, ਨਿਰਵੈਰ, ਗ੍ਰੰਥ ਪੰਥ ਪ੍ਰਤੀ ਪ੍ਰੇਮ ਅਤੇ ਸਮਰਪਣ ਵਿਚ ਰਹਿ ਕੇ, ਗੁਰਮਤਿ ਅਨੁਸਾਰੀ ਜੀਵਨ ਜੀਉ ਕੇ ਦਿਖਾਇਆ ਅਤੇ ਸਿੱਖ ਰਾਜ ਨੂੰ ਸਥਾਪਿਤ ਕਰਨ ਵਿਚ ਮੋਹਰੀ ਭੂਮਿਕਾ ਨਿਭਾਈ। ਅਜੋਕੇ ਸਿੱਖ ਆਗੂਆਂ ਨੂੰ ਉਹਨਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ।



ਅਕਾਲ ਬੁੰਗਾ ( ਅਕਾਲ ਤਖਤ), ਅਮ੍ਰਿਤਸਰ

# ਸ਼ੇਰੇ ਪੰਜਾਬ – ਮਹਾਰਾਜਾ ਰਣਜੀਤ ਸਿੰਘ*

**ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)**



ਗੁਰਦੀਸ਼ ਕੌਰ ਗਰੇਵਾਲ

ਸ਼ੇਰੇ ਪੰਜਾਬ, ਪੰਜਾਬ ਦੀ ਧਰਤ ਉੱਤੇ,
ਹੋਇਆ ਰਾਜ ਸੀ ਬੇਮਿਸਾਲ ਤੇਰਾ।
ਤੂੰ ਸੀ ਮਹਾਰਾਜਾ ਉੱਚੀ ਸ਼ਾਨ ਵਾਲਾ,
ਬੇਨਜ਼ੀਰ ਸੀ ਜਾਹੋ ਜਲਾਲ ਤੇਰਾ।
ਆਦਰ ਮਾਣ ਹਰ ਧਰਮ ਦਾ ਕਰਨ ਵਾਲਾ,
ਨਿਰਮਲ ਹਿਰਦਾ ਸੀ ਬੜਾ ਵਿਸ਼ਾਲ ਤੇਰਾ।
ਹੈ ਸੀ ਰਾਜਾ, ਪਰ ਤੇਰੇ ਤਾਂ ਰਾਜ ਅੰਦਰ,
ਹਰ ਪੰਜਾਬੀ ਸੀ ਭਾਈਵਾਲ ਤੇਰਾ।

ਹਿੰਦੂ ਮੁਸਲਿਮ ਤੇ ਸਿੱਖ ਵਜ਼ੀਰ ਸਾਰੇ,
ਹੈ ਸਨ ਸੋਭਦੇ ਤੇਰੇ ਦਰਬਾਰ ਅੰਦਰ।
ਇਤਿਹਾਸਕਾਰ ਵੀ ਕਹਿਣ ਕਿ ਅਸੀਂ ਐਸਾ,
ਲੋਕ ਰਾਜ ਨਹੀਂ ਡਿੱਠਾ ਸੰਸਾਰ ਅੰਦਰ।

ਤੇਰੇ ਰਾਜ ਅੰਦਰ ਸ਼ਾਹੀ ਕਿਲੇ ਉੱਤੇ,
ਨਿਸ਼ਾਨ ਕੇਸਰੀ ਜਦੋਂ ਲਹਿਰਾਉਣ ਲੱਗਾ।
ਰਹਿ ਕੇ ਖਾਲਸਾ ਚੜ੍ਹਦੀ ਕਲਾ ਅੰਦਰ,
ਜੈਕਾਰੇ ਫ਼ਤਹਿ ਦੇ ਤਦੋਂ ਗਜਾਉਣ ਲੱਗਾ।
ਛਿੜੀ ਕੰਬਣੀ ਕਸੂਰ ਮੁਲਤਾਨ ਤਾਂਈ,
ਪਿਸ਼ਾਵਰ ਸਹਿਮਿਆਂ ਥਰਥਰਾਉਣ ਲੱਗਾ।
ਸਾਹ ਸੁੱਕਿਆ ਕੁੱਲੂ ਤੇ ਕਾਂਗੜੇ ਦਾ,
ਉੱਧਰ ਜੰਨਤ ਕਸ਼ਮੀਰ ਘਬਰਾਉਣ ਲੱਗਾ।

ਡਰ ਪੈ ਗਿਆ ਕਾਬਲ ਦੇ ਸ਼ਹਿਨਸ਼ਾਹ ਨੂੰ,
ਸੋਚਾਂ ਪਈਆਂ ਸੀ ਉਧਰ ਫਰੰਗੀਆਂ ਨੂੰ।
ਸਕੀਮਾਂ ਸੁੱਝੀਆਂ ਸੰਧੀਆਂ ਕਰਨ ਦੀਆਂ,
ਉਹਨਾਂ ਚਾਤਰਾਂ, ਸ਼ਾਤਰਾਂ, ਢੰਗੀਆਂ ਨੂੰ।

ਜਦੋਂ ਚਮਕੀ ਤਲਵਾਰ ਮੈਦਾਨ ਅੰਦਰ,
ਨਵਾਬ ਰਾਜੇ ਤੇ ਸਿਪਾਹ ਸਲਾਰ ਝੁਕ ਗਏ।
ਈਨ ਮੰਨ ਲਈ ਸਭ ਰਿਆਸਤਾਂ ਨੇ,
ਰਾਜ ਉਹਨਾਂ ਦੇ ਆਖਰਕਾਰ ਮੁੱਕ ਗਏ।
ਤੇਰੇ ਸਾਹਮਣੇ ਕੋਈ ਨਾ ਠਹਿਰ ਸਕਿਆ,
ਜ਼ਾਲਿਮ ਧਾੜਵੀ ਹੋ ਲਾਚਾਰ ਲੁਕ ਗਏ।
ਅਟਕ ਵਰਗੇ ਨਾ ਤੈਨੂੰ ਅਟਕਾ ਸਕੇ, ਰਸਤਾ ਦੇਣ ਲਈ ਤੇਜ਼ ਰਫਤਾਰ ਰੁਕ ਗਏ।

ਪਿਸ਼ਾਵਰ ਅਤੇ ਜਮਰੌਦ ਨੂੰ ਫਤਹਿ ਕਰਕੇ, ਕਮਰ ਤੂੰ ਪਠਾਣਾਂ ਦੀ ਤੋੜ ਦਿੱਤੀ।
ਗ਼ਜ਼ਨੀ, ਗੌਰੀ, ਤੈਮੂਰ ਨੇ ਜੋ ਚਾੜ੍ਹੀ, ਸ਼ੇਰ ਸੂਰਮਿਆਂ ਭਾਜੀ ਤੂੰ ਮੋੜ ਦਿੱਤੀ।

ਮਹਾਰਾਜਿਆ ਤੇਰੇ ਤਾਂ ਰਾਜ ਅੰਦਰ,
ਪੜ੍ਹਿਆ ਲਿਖਿਆ ਹਰ ਇਨਸਾਨ ਹੈ ਸੀ।
'ਕਾਇਦਾ ਏ ਨੂਰ' ਦਾ ਨੂਰ ਸੀ ਹਰ ਪਾਸੇ, ਕੈਦਾ ਹਰ ਇਕ ਘਰ ਦੀ ਸ਼ਾਨ ਹੈ ਸੀ।

ਤੇਰੇ ਰਾਜ ਵਿੱਚ ਇੱਕ ਨਾ ਹੋਈ ਫਾਂਸੀ,
ਪਰਜਾ ਕਰਦੀ ਤੇਰਾ ਗੁਣਗਾਨ ਹੈ ਸੀ।
ਇਸੇ ਕਾਰਨ ਹੀ ਇਸ ਸੰਸਾਰ ਅੰਦਰ,
ਤੈਨੂੰ ਆਖਦੇ ਸ਼ਾਸਕ ਮਹਾਨ ਹੈ ਸੀ।

ਗੁਰੂ ਘਰਾਂ ਤੇ ਮੰਦਰਾਂ ਮਸਜਿਦਾਂ ਦਾ,
ਦਿਲ ਖੋਲ੍ਹ ਕੇ ਤੂੰ ਨਿਰਮਾਣ ਕੀਤਾ।
ਹਰੇਕ ਧਰਮ ਅਸਥਾਨ ਦੇ ਨਾਲ ਐਪਰ,
ਵਿਦਿਆ ਦੇਣ ਦਾ ਕਾਰਜ ਮਹਾਨ ਕੀਤਾ।

ਤੇਰੇ ਰਾਜ ਦਾ ਲੋਹਾ ਤਾਂ ਜੱਗ ਮੰਨੇ, ਨਿਰਸੁਆਰਥ ਤੇ ਖੁਦ ਮੁਖਤਾਰ ਸੈਂ ਤੂੰ।
ਕਾਬਲ ਕੰਧਾਰ ਤੇ ਦਬਦਬਾ ਸੀ ਤੇਰਾ,
ਲੇਕਿਨ ਪੰਥ ਦਾ ਸੇਵਾਦਾਰ ਸੈਂ ਤੂੰ।
ਸੱਚਾ ਸਿੱਖ ਸੀ ਸ਼ਰਧਾ ਤੇ ਸਿਦਕ ਵਾਲਾ,
ਨੇਕੀ ਨਿਮਰਤਾ ਦਾ ਭੰਡਾਰ ਸੈਂ ਤੂੰ।
ਸਰਬ ਉੱਚ ਅਸਥਾਨ ਮੰਨ ਉਸ ਨੂੰ,
ਅਕਾਲ ਤਖਤ ਦਾ ਕਰਦਾ ਸਤਿਕਾਰ ਸੈਂ ਤੂੰ।

ਝੁਕਾ ਕੇ ਸੀਸ ਤੇ ਗਲ਼ ਵਿੱਚ ਪਾ ਪੱਲਾ, ਸਾਹਮੇਂ ਤਖ਼ਤ ਦੇ ਆਣ ਖਲੋ ਗਿਆ ਤੂੰ।
ਜਥੇਦਾਰ ਜੀ ਦਾ ਮੰਨ ਕੇ ਹੁਕਮਨਾਮਾ, ਇਤਿਹਾਸ ਅੰਦਰ ਉਜਾਗਰ ਹੋ ਗਿਆ ਤੂੰ।

'ਅਕਾਲ ਸਹਾਇ' ਦੀ ਮੋਹਰ ਸਰਕਾਰ ਵਾਲੀ,
ਤੇਰੇ ਸੀਸ ਤੇ ਹੱਥ ਅਕਾਲ ਦਾ ਸੀ।
ਸਿੱਕਾ ਵਰਤਿਆ ਗੁਰਾਂ ਦੇ ਨਾਮ ਵਾਲਾ,
ਗੁਰੂ ਆਪ ਹੀ ਤੈਨੂੰ ਸੰਭਾਲਦਾ ਸੀ।
ਪਿਆ ਕਾਲ ਜਦ ਪਰਜਾ ਹੋਈ ਆਤੁਰ,
ਅਨਾਜ ਵੰਡਿਆ ਤੁਸਾਂ ਕਮਾਲ ਦਾ ਸੀ।
ਕਦੇ ਬਣ ਕੇ 'ਪਾਂਡੀ ਪਾਤਸ਼ਾਹ' ਤੂੰ,
ਫਰਜ਼ ਰਾਜੇ ਦੇ ਅਸਲੀ ਪਾਲ਼ਦਾ ਸੀ।

ਤੇਰੇ ਰਾਜ ਦੀ ਕਦੇ ਨਾ ਧਾਂਕ ਪੈਂਦੀ,
ਨਲੂਏ ਜਿਹੇ ਨਾ ਜੇ ਸਰਦਾਰ ਹੁੰਦੇ।
ਸਿੱਖੀ ਰਾਜ ਨਾ 'ਦੀਸ਼' ਕਦੇ ਖਤਮ ਹੁੰਦਾ, ਡੋਗਰੇ ਜਿਹੇ ਨਾ ਜੇਕਰ ਗਦਾਰ ਹੁੰਦੇ।

# Sardar Hari Singh Nalwa: The Lion of the Frontier

**Dr Devinder Singh, Mississauga (Canada)**


From the blue hills where the Indus bends,
To Khyber's gates where the empire ends,
Rose a name the night winds knew -
Hari Singh Nalwa, fierce and true.

Steel in hand and faith in soul,
Born where Punjab's rivers roll,
He walked with lions, legend says,
And wore their roar through battle's haze.

When empires trembled at Afghan drums,
When shadows marched, and the thunder
He stood one man, a living came
Against the storm that sought to fall.

Jamrud burned beneath his feet,
Dust and blood in rhythm beat,
No retreat in his warrior's breath,
Only the vow to conquer death.

He carved the frontier, line by line,
With Sikh resolve and sacred sign,
Where Khalsa banners kissed the sky,
And foreign fear was forced to die.



Not for crown nor gold he fought,
But for a realm in justice wrought,
Where tyrants fled, and people breathed,
And broken lands in hope believed.

O Lion-General, frontier flame,
History bows before your name,
For long after the swords are still,
Your courage guards the Khyber still.

Let drums resound where stories live,
Let sons of time your valour give,
For as long as freedom walks the land,
Hari Singh Nalwa shall stand.




# ਸਿੱਖ ਰਾਜ ਦਾ ਥੰਮ੍ਹ – ਜਰਨੈਲ ਹਰੀ ਸਿੰਘ ਨਲੂਆ (1791 – 1837)

**ਸਰਦਾਰਨੀ ਡਾ. ਬਲਵਿੰਦਰ ਕੌਰ ਬਰਾੜ, ਕੈਲਗਰੀ (ਕੈਨੇਡਾ)**

ਇਹ ਬੇਪ੍ਰਵਾਹ ਪੰਜਾਬ ਦੇ ਮੌਤ ਨੂੰ ਮਖੌਲਾਂ ਕਰਨ ਮਰਨ ਥੀਂ ਨੀ ਡਰਦੇ. ਪ੍ਰੋ. ਪੂਰਨ ਸਿੰਘ

ਪੂਰਨ ਸਿੰਘ ਦੇ ਇਹਨਾਂ ਸ਼ਬਦਾਂ ਦੀ ਪੁਸ਼ਟੀ ਕਰਦੀਆਂ ਕਈ ਮਿਸਾਲਾਂ ਹਨ, ਜੋ ਸਿੱਖ ਇਤਿਹਾਸ ਦੀ ਹਿੱਕ ਤੋਂ ਆਪਣੇ ਕਾਰਨਾਮਿਆਂ ਦੀਆਂ ਪੈੜਾਂ ਉੱਕਰ ਗਏ ਹਨ। ਪੰਜਾਬੀਆਂ ਦੀ ਇਹ ਕਮਜ਼ੋਰੀ ਰਹੀ ਹੈ ਕਿ ਅਸੀਂ ਆਪਣੀ ਵਿਰਾਸਤ ਨੂੰ ਮਾਣ ਨਾਲ ਤਾਂ ਵੇਖਦੇ ਹਾਂ ਪਰ ਧਿਆਨ ਨਾਲ ਘੋਖਦੇ ਨਹੀਂ। ਕਈ ਮਰਜੀਵੜਿਆਂ ਨੇ ਇਤਿਹਾਸ ਨੂੰ ਆਪਣੇ ਪਿੰਡੇ ਤੇ ਹੰਢਾ ਕੇ ਤਵਾਰੀਖ ਵਿਚ ਮੀਲ ਪੱਥਰ ਕਾਇਮ ਕੀਤੇ ਹਨ।

ਅੱਜ ਅਸੀਂ ਹਥਲੇ ਪ੍ਰਸੰਗ ਵਿਚ ਇੱਕ ਅਜਿਹੇ ਹੀ ਮੀਲ ਪੱਥਰ ਦੀ ਗੱਲ ਛੋਹਣ ਦਾ ਹੀਲਾ ਜੁਟਾ ਰਹੇ ਹਾਂ। ਇਸ ਯੋਧੇ ਦਾ ਨਾਂ ਲੈਂਦਿਆਂ ਹੀ ਮਾਣ ਨਾਲ ਹਰ ਪੰਜਾਬੀ ਦਾ ਸਾਹ ਛਾਤੀ ਦੇ ਮੇਚ ਦਾ ਨਹੀਂ ਹੁੰਦਾ। ਇਹ ਨਿਰਭੈ ਯੋਧਾ ਸਰਦਾਰ ਹਰੀ ਸਿੰਘ ਨਲੂਆ ਸੀ ਜਿਸ ਦੀ ਧਾਂਕ ਆਪਣੇ ਚੁਗਿਰਦੇ ਨੂੰ ਥਰ ਥਰ ਕੰਬਣ ਲਾ ਦਿੰਦੀ ਸੀ। ਕਿਹਾ ਜਾਂਦਾ ਹੈ ਕਿ ਉਸ ਸਮੇਂ ਪਠਾਣੀਆਂ ਆਪਣੇ ਬੱਚਿਆਂ ਨੂੰ ਲੋਰੀ ਦੇਣ ਸਮੇਂ ਡਰਾਉਂਦੀਆਂ ਹੋਈਆਂ ਆਖਦੀਆਂ ਸਨ ,"ਸੌਂ ਜਾ ਹਰੀ ਸਿੰਘ ਨਲੂਆ ਆ ਜੂਗਾ।" ਇਤਨਾ ਸਹਿਮ ਪਠਾਣਾਂ ਦੇ ਸੀਨੇ ਪਲ਼ਦਾ ਸੀ। ਅੱਜ ਜਦੋਂ ਪੰਜਾਬ ਦੀਆਂ ਸਰਹੱਦਾਂ ਤਕਸੀਮ ਦਰ ਤਕਸੀਮ ਹੋ ਕੇ ਸੁੰਗੜ ਰਹੀਆਂ ਤੋਂ ਸਰਹੱਦਾਂ ਦੀ ਚਰਚਾ ਛਿੜਦੀ ਹੈ ਤਾਂ ਕਦੇ ਵਿਸ਼ਾਲ ਪੰਜਾਬ ਨੂੰ ਯਾਦ




ਕਰਦਿਆਂ ਹਰੀ ਸਿੰਘ ਨਲੂਆ ਦਾ ਨਾਮ ਯਾਦ ਆਉਂਦਾ ਹੈ।

ਜਰਨੈਲ ਹਰੀ ਸਿੰਘ ਨੇ ਪੰਜਾਬੀ ਹੱਦਾਂ ਨੂੰ ਆਪਣੀਆਂ ਜਿੱਤਾਂ ਨਾਲ ਮੋਕਲੀਆਂ ਕਰਕੇ ਅਫਗਾਨਿਸਤਾਨ ਨਾਲ ਜਾ ਲਾਇਆ ਸੀ। ਸਕੂਲ ਦੀਆਂ ਜਮਾਤਾਂ ਕਰਦੇ ਅਸੀਂ ਖ਼ੈਬਰ ਦੇ ਡਰਾਵਣੇ ਅਤੇ ਭੀੜੇ ਰਸਤੇ ਬਾਰੇ ਪੜ੍ਹਿਆ ਸੀ ਜਿੱਥੋਂ ਧਾੜਵੀ ਪੰਜਾਬ ਵਿੱਚ ਆਉਂਦੇ ਸਨ। ਹਰੀ ਸਿੰਘ ਨਲੂਆ ਨੇ ਕਾਫੀ ਅਰਸਾ ਉਸ ਰਸਤੇ ਤੋਂ ਹਮਲਾਵਰਾਂ ਨੂੰ ਵਰਜੀ ਰੱਖਿਆ ਸੀ। ਪ੍ਰਾਪਤ ਵੇਰਵਿਆਂ ਅਨੁਸਾਰ ਉਨ੍ਹਾਂ ਦੇ ਜੀਵਨ ਅਤੇ ਪ੍ਰਾਪਤੀਆਂ ਦਾ ਉਲੇਖ ਮਿਲਦਾ ਹੈ। ਆਪ ਜੀ ਦਾ ਜਨਮ ਸਰਦਾਰ ਗੁਰਦਿਆਲ ਸਿੰਘ ਅਤੇ ਬੀਬੀ ਧਰਮ ਕੌਰ ਦੇ ਘਰ ਹੋਇਆ। ਧਰਮ, ਅਣਖ ਅਤੇ ਦੇਸ਼ ਲਈ ਬਹਾਦਰੀ ਨਾਲ ਮਰ ਮਿਟਣ ਦੀ ਲਾਲਸਾ ਹਰੀ ਸਿੰਘ ਨਲੂਆ ਨੂੰ ਵਿਰਾਸਤ ਵਿੱਚ ਹੀ ਪ੍ਰਾਪਤ ਹੋਈ ਸੀ।

ਸਰਦਾਰ ਹਰੀ ਸਿੰਘ ਨਲਵਾ ਦੇ ਦਾਦਾ ਜੀ ਸਰਦਾਰ ਹਰਦਾਸ ਸਿੰਘ 1762 ਵਿੱਚ ਅਹਿਮਦ ਸ਼ਾਹ ਦੁਰਾਨੀ ਦੇ ਨਾਲ ਹੋਏ ਸਖਤ ਮੁਕਾਬਲੇ

ਸਮੇਂ ਸ਼ਹੀਦ ਹੋਏ ਸਨ। ਇਸ ਪਿੱਛੋਂ ਆਪ ਜੀ ਦੇ ਪਿਤਾ ਸਰਦਾਰ ਗੁਰਦਿਆਲ ਸਿੰਘ ਵੀ ਕਈ ਜੰਗਾਂ ਵਿੱਚ ਲੜਦੇ ਰਹੇ ਸਨ। ਹਰੀ ਸਿੰਘ ਕੇਵਲ 7 ਸਾਲ ਦੇ ਹੀ ਸਨ ਜਦੋਂ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ। ਉਨ੍ਹਾਂ ਦੀ ਪਰਵਰਿਸ਼ ਨਾਨਕਾ ਪਿੰਡ ਵਿੱਚ ਹੋਈ। ਉਸ ਵੇਲੇ ਦੀ ਸਿੱਖਿਆ ਅਨੁਸਾਰ ਸ਼ਸ਼ਤਰ ਵਿੱਦਿਆ ਅਤੇ ਘੋੜ ਸਵਾਰੀ ਉਨਾਂ ਨੂੰ ਆਪਣੇ ਖੂਨ ਵਿੱਚੋਂ ਹੀ ਮਿਲੀ ਸੀ। ਮਹਾਰਾਜਾ ਰਣਜੀਤ ਸਿੰਘ ਦੁਆਰਾ ਲਾਹੌਰ ਦੀ ਧਰਤ ਤੇ ਬਸੰਤ ਦੇ ਮੇਲੇ ਤੇ 1805 ਵਿੱਚ ਦਿਖਾਏ ਕਰਤੱਬਾਂ ਕਰ ਕੇ ਮਹਾਰਾਜੇ ਨੇ ਹਰੀ ਸਿੰਘ ਨੂੰ ਛਾਤੀ ਨਾਲ ਲਗਾ ਕੇ ਕੀਮਤੀ ਕੈਂਠਾ ਇਨਾਮ ਵਿੱਚ ਦਿੱਤਾ ਸੀ।



15 ਸਾਲ ਦੀ ਉਮਰ ਵਿੱਚ ਫੌਜ ਵਿੱਚ ਭਰਤੀ ਹੋ ਗਏ ਅਤੇ 16 ਸਾਲ ਦੀ ਉਮਰੇ 1807 ਵਿੱਚ ਕਸੂਰ ਦੀ ਲੜਾਈ ਸਮੇਂ ਕੁਤਬਉਦੀਨ ਨੂੰ ਹਰਾਇਆ। 1810 ਵਿੱਚ ਵੀ ਸਿਆਲਕੋਟ ਦੇ ਯੁੱਧ ਵਿੱਚ ਜੌਹਰ ਵਿਖਾਏ। ਕਈ ਪਹਾੜੀ ਇਲਾਕੇ 1815 ਵਿੱਚ ਸਰ ਕਰ ਕੇ ਕਸ਼ਮੀਰ ਵਿੱਚ ਜਿੱਤ ਦੇ ਝੰਡੇ ਜਾ ਲਹਿਰਾਏ। ਇਉਂ ਹੀ 1834 ਵਿੱਚ ਅਟਕ ਤੋਂ ਪਾਰ ਆਪਣੀਆਂ ਸਰਹੱਦਾਂ ਮੋਕਲੀਆਂ ਕਰਕੇ ਪਿਸ਼ਾਵਰ ਦੇ ਅਫਗਾਨਾਂ ਨੂੰ ਹਰਾਇਆਂ ਅਤੇ ਇੱਥੇ ਗਵਰਨਰ ਲਗਾਏ ਗਏ। ਸਨ 1837 ਵਿੱਚ ਮੁਹੰਮਦ ਖਾਨ ਨੇ ਸਿੱਖਾਂ ਵਿਰੁੱਧ ਯੁੱਧ ਦਾ ਐਲਾਨ ਕੀਤਾ ਤਾਂ ਕਰਨੈਲ ਹਰੀ ਸਿੰਘ ਨੇ ਫੌਜ ਦੀ ਅਗਵਾਈ ਕਰਦੇ ਹੋਏ ਉਸ ਤੋਂ 14 ਵੱਡੀਆਂ ਤੋਪਾਂ ਖੋਹ ਲਈਆਂ। ਪਹਾੜੀ ਗੁਫਾ ਵਿੱਚ ਛੁਪੇ ਫੌਜੀਆਂ ਨੇ ਗੋਲੀਆਂ ਮਾਰ ਕੇ ਉਨ੍ਹਾਂ ਨੂੰ ਜਖਮੀ ਕਰ ਦਿੱਤਾ। ਛਾਤੀ ਅਤੇ ਵੱਖੀ ਵਿੱਚ ਲੱਗੀ ਗੋਲੀ ਦੇ ਬਾਵਜੂਦ ਉਹ ਘੋੜੇ ਸਮੇਤ ਜਮਰੌਦ ਦੇ ਕਿਲ੍ਹੇ ਅੰਦਰ ਜਖਮੀ ਹਾਲਤ ਵਿਚ ਪੁੱਜ ਗਏ।

ਮਰਨ ਸਮੇਂ ਉਨ੍ਹਾਂ ਮਹਾਂ ਸਿੰਘ ਨੂੰ ਕਿਹਾ ਮੇਰੀ ਮੌਤ ਬਾਰੇ ਹਾਲੇ ਖਬਰ ਨਸ਼ਰ ਨ ਕਰਨਾ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਹੀ ਇਹ ਖਬਰ ਕਰਨਗੇ। ਕਿਹਾ ਜਾਂਦਾ ਹੈ ਕਿ ਮਹਾਰਾਜਾ ਨੇ ਹਰੀ ਸਿੰਘ ਕੋਲ ਆ ਕੇ ਧਾਹਾਂ ਮਾਰਦਿਆਂ ਕਿਹਾ "ਅੱਜ ਸਿੱਖ ਰਾਜ ਦਾ ਵੱਡਾ ਥੰਮ੍ਹ ਡਿੱਗ ਗਿਆ ਹੈ।" ਇਉ ਸਾਰੀ ਉਮਰ ਮੁਹਿੰਮਾਂ ਸਰ ਕਰਦਾ ਇਹ ਨਿਡਰ ਸੂਰਬੀਰ ਸਾਬਤ ਹੋਇਆ।

ਨਲ ਸ਼ਬਦ ਬਾਰੇ ਸਾਖੀ ਹੈ ਕਿ ਮਹਾਰਾਜਾ ਸ਼ਿਕਾਰ-ਟੁਕੜੀ ਨਾਲ ਜਾ ਰਹੇ ਸਨ। ਇੱਕ ਸ਼ੇਰ ਨੇ ਟੁਕੜੀ ਤੇ ਹਮਲਾ ਕਰ ਦਿੱਤਾ ਤਾਂ ਹਰੀ ਸਿੰਘ ਨੇ ਡਟ ਕੇ ਮੁਕਾਬਲਾ ਕਰਦਿਆਂ ਸ਼ੇਰ ਦੀ ਗਰਦਨ ਲਾਹ ਦਿੱਤੀ ਤਾਂ ਮਹਾਰਾਜਾ ਨੇ ਨਲ ਖਿਤਾਬ ਨਾਲ ਨਿਵਾਜਿਆ ਜੋ ਬਾਅਦ ਵਿੱਚ ਨਲੂਆ ਸ਼ਬਦ ਬਣ ਗਿਆ।

ਇਸਤੋਂ ਬਿਨਾਂ, ਵੇਰਵੇ ਦੱਸਦੇ ਹਨ ਕਿ ਆਸਟਰੇਲੀਆ ਦੇ ਮੈਗਜ਼ੀਨ ਵਿੱਚ 10 ਵੱਡੇ ਜੇਤੂਆਂ ਦੀ ਸੂਚੀ ਬਿਲਿਆ ਨਾਇਰ ਵਿੱਚ ਲਿਖੀ ਸੀ ਜਿਸ ਵਿੱਚ ਨੰਬਰ ਇੱਕ ਤੇ ਫੌਜ ਦਾ ਨਿਡਰ

ਸੂਰਬੀਰ ਹਰੀ ਸਿੰਘ ਨਲੂਆ ਰੱਖਿਆ ਗਿਆ ਹੈ। ਇਹ ਵੀ ਕਿਹਾ ਜਾਂਦਾ ਹੈ ਜਦੋਂ ਸੂਰਬੀਰ ਹਰੀ ਸਿੰਘ ਨਲੂਆ ਸ਼ਹੀਦੀ ਪਾ ਗਿਆ ਉਸ ਸਮੇਂ ਅਪ੍ਰੈਲ 30, 1837 ਵਿੱਚ ਦੀ ਸਲਾਨਾ ਆਮਦਨੀ 3 ਲੱਖ 67 ਹਜਾਰ ਸੀ।

ਇਹ ਸਭ ਦੁਨਿਆਵੀ ਪ੍ਰਾਪਤੀਆਂ ਤੋਂ ਬਿਨਾਂ ਉਸ ਮਰਜੀਵੜੇ, ਅਣਖੀ,ਨਿਡਰ ਅਤੇ ਵਫ਼ਾਦਾਰ ਯੋਧੇ ਹਰੀ ਸਿੰਘ ਨਲੂਆ ਨੇ ਆਪਣੀ ਯੁੱਧ ਕਲਾ ਅਤੇ ਹਥਿਆਰ ਨਿਪੁੰਨਤਾ ਨਾਲ ਕੁਰਬਾਨੀ ਦੀ ਇੱਕ ਮਿਸਾਲ ਕਾਇਮ ਕੀਤੀ ਹੈ। ਇਸੇ ਕਰਕੇ ਹੀ ਉਸ ਨੂੰ ਸਿੱਖ ਇਤਿਹਾਸ ਦਾ ਇੱਕ ਵੱਡਾ ਥੰਮ੍ਹ ਕਰਕੇ ਜਾਣਿਆ ਜਾਂਦਾ ਹੈ। ਅਜਿਹੇ ਨਿਡਰ ਹਰ ਮੈਾਨ ਫਤਹਿ ਕਰਨ ਵਾਲੇ ਸੂਰਮੇ ਨੂੰ ਸਾਡਾ ਸਲਾਮ ਹੈ। ਹਰ ਮੈਦਾਨ ਫਤਹਿ ਕਰਨ ਵਾਲਾ ਸੂਰਮਾ ਸਮੁੱਚੀ ਕੌਮ ਦੇ ਸਿਜਦੇ ਦੇ ਕਾਬਲ ਹੈ।

ਉਨ੍ਹਾਂ ਦੇ ਸਤਿਕਾਰ ਵਿਚ ਭਾਰਤ, ਪਾਕਿਸਤਾਨ, ਅਫਗਾਨਿਸਤਾਨ ਅਤੇ ਕੈਨੇਡਾ ਵਿਚ ਕਈ ਸਮਾਰਕ ਬਣੇ ਹੋਏ ਹਨ। ਭਾਰਤ ਸਰਕਾਰ ਵਲੋਂ ਦਿੱਲੀ ਦੇ ਸ਼ਹੀਦੀ ਪਾਰਕ ਵਿਚ ਉਨ੍ਹਾਂ ਦਾ ਬੁੱਤ ਲਗਾਇਆ ਗਿਆ ਹੈ ਅਤੇ 2013 ਵਿਚ ਇੱਕ ਡਾਕ ਟਿਕਟ ਜਾਰੀ ਕੀਤਾ ਗਿਆ। ਇਸ ਤੋਂ ਇਲਾਵਾ ਅਮ੍ਰਿਤਸਰ ਅਤੇ ਚੰਡੀਗੜ੍ਹ ਵਿਚ ਕਈ ਯਾਦਗਾਰੀ ਗੈਲਰੀਆਂ ਸਥਾਪਤ ਹਨ।



# ਸਿੱਖ-ਰਾਜ ਦੀ ਮਲਿਕਾ ਮੁਕੱਦਸਾ-ਮਹਾਰਾਣੀ ਚੰਦ ਕੌਰ (1802-1842)

**ਡਾ ਸਰਦਾਰ ਕਾਬਲ ਸਿੰਘ ਗਿੱਲ, ਡਾ ਸਰਦਾਰ ਮਿਲਖਾ ਸਿੰਘ ਔਲਖ, ਕੈਨੇਡਾ**

ਚੰਦ ਕੌਰ ਦਾ ਜਨਮ 1802 ਨੂੰ ਫ਼ਤਹਿਗੜ੍ਹ ਚੂੜੀਆਂ ਵਿੱਚ ਹੋਇਆ, ਜੋ ਹੁਣ ਪੰਜਾਬ ਦੇ ਗੁਰਦਾਸਪੁਰ ਜਿੱਲ੍ਹੇ ਵਿੱਚ ਹੈ। ਉਹ ਇਤਿਹਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੀ ਕਨ੍ਹਈਆ ਮਿਸਲ ਦੇ ਸਰਦਾਰ ਜੈਮਲ ਸਿੰਘ ਸੰਧੂ ਦੀ ਬੇਟੀ ਸੀ। ਫ਼ਰਵਰੀ 1812 ਵਿੱਚ ਉਸ ਦਾ ਵਿਆਹ ਮਹਾਰਾਜਾ ਰਣਜੀਤ ਸਿੰਘ ਤੇ ਮਹਾਰਾਣੀ ਦਾਤਾਰ ਕੌਰ ਦੇ ਪੁੱਤਰ ਕੰਵਰ ਖੜਕ ਸਿੰਘ ਨਾਲ ਹੋਇਆ। ਇਸ ਵਿਆਹ ਕਰਕੇ ਸ਼ਾਸਕ ਸ਼ੁਕਰਚਕੀਆ ਅਤੇ ਕਨ੍ਹਈਆ ਮਿਸਲਾਂ ਦੇ ਗੱਠਜੋੜ ਨਾਲ ਪੰਜਾਬ ਵਿੱਚ ਸਿੱਖ ਸ਼ਕਤੀ ਹੋਰ ਮਜ਼ਬੂਤ ਹੋਈ। ਉਸਦਾ ਬਹੁਤਾ ਸ਼ਾਹੀ ਜੀਵਨ ਮਹਿਲ ਵਿੱਚ ਘਰੇਲੂ ਮਾਮਲਿਆਂ ਦੀ ਨਿਗਰਾਨੀ ਵਿਚ ਬਤੀਤ ਹੋਇਆ। 23 ਫ਼ਰਵਰੀ 1821 ਨੂੰ ਉਹਨਾਂ ਦੇ ਘਰ ਇੱਕ ਪੁੱਤਰ ਨੌਨਿਹਾਲ ਸਿੰਘ ਜਨਮਿਆਂ, ਜਿਸ ਦਾ ਵਿਆਹ 8-9 ਮਾਰਚ 1837 ਨੂੰ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੀ ਧੀ ਨਾਲ ਹੋਇਆ।

## ਮਹਾਰਾਜਾ ਖੜਕ ਸਿੰਘ ਦਾ ਰਾਜ ਤੇ ਦੁਖਦਾਈ ਨੁਕਸਾਨ

ਮਹਾਰਾਜਾ ਰਣਜੀਤ ਸਿੰਘ ਦੀ 27 ਜੂਨ 1839 ਨੂੰ ਮੌਤ ਤੋਂ ਬਾਅਦ, ਖੜਕ ਸਿੰਘ ਮਹਾਰਾਜਾ ਤੇ ਧਿਆਨ ਸਿੰਘ ਡੋਗਰਾ ਵਜ਼ੀਰ ਬਣੇ। ਪਰ ਉਸਦੇ ਰਾਜ ਨੂੰ ਤੁਰੰਤ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਮਹਾਰਾਜਾ ਖੜਕ ਸਿੰਘ ਅਕੁਸ਼ਲ ਸ਼ਾਸ਼ਕ ਸਮਝਿਆ ਜਾਂਦਾ ਸੀ ਤੇ ਧਿਆਨ ਸਿੰਘ ਨਾਲ ਮਤਭੇਦ ਵਧ ਗਏ।



ਸਮਕਾਲੀ ਇਤਿਹਾਸਕਾਰਾਂ ਅਨੁਸਾਰ ਉਸ ਦੀਹੌਲੀ ਹੌਲੀ ਜ਼ਹਿਰ ਦੇਣ ਨਾਲ 5 ਨਵੰਬਰ 1840 ਨੂੰ ਮੌਤ ਹੋਈ, ਜਿਸਦਾ ਪ੍ਰਬੰਧ ਧਿਆਨ ਸਿੰਘ ਨੇ ਕੀਤਾ ਸੀ। ਮਹਾਰਾਜਾ ਖੜਕ ਸਿੰਘ ਦੇ ਸਸਕਾਰ ਸਮਾਰੋਹ ਤੋਂ ਵਾਪਸ ਆਉਂਦੇ ਹੋਏ, ਉਸਦੇ ਸਪੁੱਤਰ ਕੰਵਰ ਨੌਨਿਹਾਲ ਸਿੰਘ ਉਪਰ ਕਿਲ੍ਹੇ ਵਿਚ ਵੜਨ ਵੇਲੇ ਦਰਵਾਜੇ ਦਾ ਛੱਜਾ ਡੇਗ ਦਿਤਾ ਗਿਆ ਜਿਸ ਨਾਲ ਉਹ ਜ਼ਖਮੀ ਹੋ ਗਿਆ। ਵੇਖਣ ਵਾਲਿਆਂ ਅਨੁਸਾਰ ਕਿਲ੍ਹੇ ਵਿੱਚ ਲਿਜਾਣ ਤੋਂ ਪਹਿਲਾਂ ਕੰਵਰ ਥੋੜ੍ਹਾ ਜਿਹਾ ਜ਼ਖਮੀ ਜਾਪਦਾ ਸੀ, ਹੋਸ਼ ਵਿੱਚ ਸੀ ਅਤੇ ਉਸਨੇ ਪਾਣੀ ਮੰਗਿਆ। ਧਿਆਨ ਸਿੰਘ ਨੇ ਨੌਨਿਹਾਲ ਸਿੰਘ ਨੂੰ ਕਿਲ੍ਹੇ ਵਿੱਚ ਲਿਜਾਣ ਦਾ ਪ੍ਰਬੰਧ ਕੀਤਾ। ਕਿਲ੍ਹੇ ਵਿੱਚ ਕਿਸੇ ਨੂੰ ਅੰਦਰ ਜਾਣ ਦੀ ਮਨਾਹੀ ਸੀ। ਉਸਦੀ ਮਾਂ ਚਿੰਤਾ ਵਿੱਚ ਆਪਣੇ ਨੰਗੇ ਹੱਥਾਂ ਨਾਲ ਕਿਲ੍ਹੇ ਦੇ ਦਰਵਾਜ਼ੇ ਭੰਨਦੀ ਰਹੀ ਸੀ। ਜਦੋਂ ਉਸਦੀ ਮਾਂ ਅਤੇ ਹੋਰਨਾਂ ਨੂੰ ਦੇਖਣ ਲਈ ਅੰਦਰ ਜਾਣ ਦਿੱਤਾ ਗਿਆ, ਤਾਂ ਉਹ ਮਰ ਚੁੱਕਾ ਸੀ ਅਤੇ ਉਸਦੇ ਸਿਰ ਵਿੱਚ ਗੰਭੀਰ ਸੱਟਾਂ ਦਿਸਦੀਆਂ ਸਨ।

ਕੰਵਰ ਨੌਨਿਹਾਲ ਸਿੰਘ ਦੀ ਮੌਤ ਨੇ ਸਿੱਖ ਸਾਮਰਾਜ ਵਿੱਚ ਇੱਕ ਸ਼ਕਤੀ ਖਲਾਅ ਪੈਦਾ ਕਰ ਦਿੱਤਾ, ਜਿਸ ਨਾਲ ਉੱਤਰਾਧਿਕਾਰੀ ਲਈ ਸੰਘਰਸ਼ ਸ਼ੁਰੂ ਹੋ ਗਿਆ। **ਮਹਾਰਾਣੀ ਚੰਦ ਕੌਰ ਨੇ ਰਾਜ ਤਖਤ ਲਈ ਦਾਅਵਾ ਕੀਤਾ।** ਉਸ ਨੇ ਦਲੀਲ ਦਿੱਤੀ ਕਿ ਉਸਦੀ ਨੂੰਹ ਗਰਭਵਤੀ ਹੈ, ਅਤੇ ਜਦੋਂ ਤੱਕ ਬੱਚੇ ਦੀ ਵਾਰਸ ਵਜੋਂ ਜਾਇਜ਼ਤਾ ਦੀ ਪੁਸ਼ਟੀ ਨਹੀਂ ਹੋ ਜਾਂਦੀ, ਉਸਨੂੰ ਪੰਜਾਬ ਦੀ ਰੀਜੈਂਟ ਵਜੋਂ ਸੇਵਾ ਕਰਨੀ ਚਾਹੀਦੀ ਹੈ। ਆਪਣੀ ਸਥਿਤੀ ਨੂੰ ਮਜ਼ਬੂਤ ਕਰਨ ਲਈ, ਮਹਾਰਾਣੀ ਚੰਦ ਕੌਰ ਨੇ ਪ੍ਰਭਾਵਸ਼ਾਲੀ ਸਰਦਾਰਾਂ ਤੇ ਦਰਬਾਰੀਆਂ ਦਾ ਸਮਰਥਨ ਪ੍ਰਾਪਤ ਲਿਆ। ਜਿਸ ਵਿੱਚ ਸੰਧਾਵਾਲੀਆ ਭਰਾ (ਅਤਰ ਸਿੰਘ, ਲਹਿਣਾ ਸਿੰਘ, ਅਤੇ ਅਜੀਤ ਸਿੰਘ), ਭਾਈ ਰਾਮ ਸਿੰਘ, ਭਾਈ ਗੋਬਿੰਦ ਰਾਮ, ਗੁਲਾਬ ਸਿੰਘ ਡੋਗਰਾ, ਅਤੇ ਜਮਾਂਦਾਰ ਖੁਸ਼ਹਾਲ ਸਿੰਘ ਸ਼ਾਮਿਲ ਸਨ।

ਕੰਵਰ ਸ਼ੇਰ ਸਿੰਘ, ਜੋ ਮਹਾਰਾਜਾ ਰਣਜੀਤ ਸਿੰਘ ਤੇ ਮਹਾਰਾਣੀ ਮਹਿਤਾਬ ਕੌਰ ਦਾ ਪੁੱਤਰ ਸੀ, ਨੇ ਇੱਕ ਵਿਰੋਧੀ ਸਮੂਹ, ਵਜ਼ੀਰ ਧਿਆਨ ਸਿੰਘ ਅਤੇ ਫੌਜ ਦੇ ਇੱਕ ਹਿੱਸੇ ਦਾ ਸਮਰਥਨ ਪ੍ਰਾਪਤ ਕੀਤਾ, ਤੇ ਲਾਹੌਰ ਨੂੰ ਘੇਰਾ ਪਾ ਲਿਆ। ਉਹਨਾਂ ਵਲੋ ਇੱਕ ਪ੍ਰਸਤਾਵ ਪੇਸ਼ ਕੀਤਾ ਗਿਆ ਕਿ ਮਹਾਰਾਣੀ ਚੰਦ ਕੌਰ ਕੰਵਰ ਸ਼ੇਰ ਸਿੰਘ ਦੇ ਪੁੱਤਰ ਪ੍ਰਤਾਪ ਸਿੰਘ ਨੂੰ ਗੋਦ ਲੈ ਲਵੇ। ਟਕਰਾਅ ਨੂੰ ਰੋਕਣ ਲਈ, ਇੱਕ ਸਮਝੌਤਾ ਹੋਇਆ ਕਿ ਮਹਾਰਾਣੀ ਚੰਦ ਕੌਰ ਨੌਨਿਹਾਲ ਸਿੰਘ ਦੇ ਅਣਜੰਮੇ ਵਾਰਸ ਦੇ ਨਾਮ ਤੇ ਰਾਜ ਕਰੇਗੀ ਤੇ ਧਿਆਨ ਸਿੰਘ ਪ੍ਰਧਾਨ ਮੰਤਰੀ ਹੋਵੇਗਾ। ਮਹਾਰਾਣੀ ਚੰਦ ਕੌਰ 2 ਦਸੰਬਰ 1840 ਨੂੰ ਪੰਜਾਬ ਦੀ ਸ਼ਾਸ਼ਕ ਬਣੀ ਤੇ ਉਸ ਨੂੰ ‘ਮਲਿਕਾ ਮੁਕੱਦਸਾ’, ਪਵਿੱਤਰ ਦਾ ਖਿਤਾਬ ਦਿੱਤਾ ਗਿਆ।

ਉਸਦੇ ਦਾਅਵੇ ਦੇ ਵਿਰੋਧ ਕਾਰਨ ਸਿੱਖ ਦਰਬਾਰ ਵਿੱਚ ਰਾਜਨੀਤਿਕ ਟਕਰਾਅ ਅਤੇ ਸ਼ਕਤੀ ਸੰਘਰਸ਼ ਸ਼ੁਰੂ ਹੋ ਗਏ। ਧਿਆਨ ਸਿੰਘ ਨੇ ਮਹਾਰਾਣੀ ਚੰਦ ਕੌਰ 'ਤੇ ਦਬਾਅ ਪਾਇਆ ਕਿ ਉਹ ਉਸਦੇ ਪੁੱਤਰ ਹੀਰਾ ਸਿੰਘ ਨੂੰ ਗੋਦ ਲਵੇ, ਤਾਂ ਜੋ ਉਹ ਗੱਦੀ ਤੇ ਬੈਠ ਸਕੇ। ਪਰ ਮਹਾਰਾਣੀ ਵਲੋਂ ਨਾਂਹ ਕਰਨ ਤੇ ਉਹ ਵੀ ਵਿਰੁਧ ਹੋ ਗਿਆ।

### ਸ਼ੇਰ ਸਿੰਘ ਮਹਾਰਾਜਾ ਨਾਲ ਸੁਲ੍ਹਾ

ਕੰਵਰ ਸ਼ੇਰ ਸਿੰਘ 13 ਜਨਵਰੀ 1841 ਨੂੰ ਲਾਹੌਰ ਪਹੁੰਚਿਆ। ਸ਼ਹਿਰ ਦੀਆਂ ਕੰਧਾਂ ਤੋਂ ਬਾਹਰਲੀਆਂ ਫੌਜਾਂ ਉਸਦੇ ਨਾਲ ਮਿਲ ਗਈਆਂ। ਕਿਲ੍ਹੇ ਵਿਚ ਮਹਾਰਾਣੀ ਚੰਦ ਕੌਰ ਕੋਲ 5,000 ਫੌਜੀ ਅਤੇ ਸੀਮਤ ਮਾਤਰਾ ਵਿੱਚ ਬਾਰੂਦ ਸੀ। ਉਸਦੇ ਵਿਰੁੱਧ ਕੰਵਰ ਸ਼ੇਰ ਸਿੰਘ ਕੋਲ 26,000 ਪੈਦਲ ਤੇ 8,000 ਘੋੜਸਵਾਰ ਫੌਜ ਅਤੇ 45 ਤੋਪਾਂ ਸਨ। ਫੌਜਾਂ ਦੋ ਦਿਨ ਲੜਦੀਆਂ ਰਹੀਆਂ। ਧਿਆਨ ਸਿੰਘ ਨੇ 17 ਜਨਵਰੀ ਦੀ ਸ਼ਾਮ ਨੂੰ ਜੰਗਬੰਦੀ ਦਾ ਪ੍ਰਬੰਧ ਕੀਤਾ। 18 ਜਨਵਰੀ 1841 ਨੂੰ ਬਾਬਾ ਬਿਕ੍ਰਮ ਸਿੰਘ ਬੇਦੀ ਦੀ ਸਹਾਇਤਾ ਨਾਲ ਹੇਠ ਲਿਖੀਆਂ ਸ਼ਰਤਾਂ ਨਾਲ ਸੁਲ੍ਹਾ ਹੋਈ:

- ਮਹਾਰਾਣੀ ਚੰਦ ਕੌਰ ਦਾ ਸਤਿਕਾਰ ਪਹਿਲਾਂ ਵਾਂਗ ਬਹਾਲ ਰਹੇਗਾ ਤੇ ਨੌ ਲੱਖ ਰੁਪਏ ਸਲਾਨਾ ਜਾਗੀਰ ਹੋਵੇਗੀ।
- ਉਹਨਾਂ ਸਾਰਿਆਂ ਨੂੰ ਮੁਆਫੀ ਹੋਵੇਗੀ ਜੋ ਮਹਾਰਾਣੀ ਚੰਦ ਕੌਰ ਵੱਲੋਂ ਲੜੇ।
- ਰਾਜਾ ਗੁਲਾਬ ਸਿੰਘ, ਰਾਜਾ ਹੀਰਾ ਸਿੰਘ ਤੇ ਸੰਧਾਵਾਲੀਏ ਸਰਦਾਰ ਅੱਜ ਰਾਤ ਨੂੰ ਕਿਲ੍ਹੇ ਖਾਲੀ ਕਰ ਜਾਣਗੇ।
- ਮਹਾਰਾਣੀ ਚੰਦ ਕੌਰ ਚਾਹੇ ਕਿਲ੍ਹੇ ਜਾਂ ਸ਼ਹਿਰ ਵਿਚਲੀ ਹਵੇਲੀ ਵਿਚ ਨਿਵਾਸ ਰੱਖੇ।

ਇਸ ਤਰ੍ਹਾਂ ਮਹਾਰਾਣੀ ਚੰਦ ਕੌਰ ਦਾ ਰਾਜ ਡੇਂਢ ਮਹੀਨੇ ਬਾਅਦ ਖਤਮ ਹੋ ਗਿਆ। ਕੰਵਰ ਸ਼ੇਰ ਸਿੰਘ ਨੂੰ ਰਸਮੀ ਤੌਰ 'ਤੇ 27 ਜਨਵਰੀ 1841 ਨੂੰ ਮਹਾਰਾਜਾ ਵਜੋਂ ਐਲਾਨ ਕੀਤਾ ਗਿਆ। ਪਰ ਉਸਦਾ ਰਾਜ ਵੀ ਥੋੜਾ ਚਿਰ ਚਲਿਆ।

ਸੰਧਾਵਾਲੀਆ ਸਰਦਾਰਾਂ ਨੇ ਵਾਪਸ ਆ ਕੇ ਮਹਾਰਾਜਾ ਸ਼ੇਰ ਸਿੰਘ ਅਤੇ ਉਸਦੇ ਪੁਤਰ ਪਰਤਾਪ ਸਿੰਘ ਦਾ 15 ਸਤੰਬਰ 1843 ਨੂੰ ਕਤਲ ਕਰ ਦਿੱਤਾ।

## ਮਹਾਰਾਣੀ ਚੰਦ ਕੌਰ ਦਾ ਕਤਲ

ਜੁਲਾਈ 1841 ਵਿੱਚ, ਨੌਨਿਹਾਲ ਸਿੰਘ ਦੀ ਵਿਧਵਾ ਸਾਹਿਬ ਕੌਰ ਨੇ ਇੱਕ ਮਰੇ ਹੋਏ ਪੁੱਤਰ ਨੂੰ ਜਨਮ ਦਿੱਤਾ। ਇਸ ਨਾਲ ਮਹਾਰਾਣੀ ਚੰਦ ਕੌਰ ਦੀਆਂ ਸਾਰੀਆਂ ਉਮੀਦਾਂ ਖਤਮ ਹੋ ਗਈਆਂ।

ਭਾਵੇਂ ਮਹਾਰਾਣੀ ਚੰਦ ਕੌਰ ਰਾਜਨੀਤੀ ਤੋਂ ਦੂਰ ਹੋ ਗਈ ਸੀ, ਇਸ ਡਰੋਂ ਕਿ ਉਸਦੀ ਨਿਰੰਤਰ ਮੌਜੂਦਗੀ ਭਵਿੱਖ ਵਿੱਚ ਅਸਥਿਰਤਾ ਦਾ ਕਾਰਨ ਬਣ ਸਕਦੀ ਹੈ, ਧਿਆਨ ਸਿੰਘ ਡੋਗਰਾ ਨੇ ਉਸਨੂੰ ਖਤਮ ਕਰਨ ਦਾ ਫੈਸਲਾ ਕੀਤਾ।ਧਿਆਨ ਸਿੰਘ ਦਾ ਵੱਡਾ ਭਰਾ ਗੁਲਾਬ ਸਿੰਘ, ਜੰਮੂ-ਕਸ਼ਮੀਰ ਵਿਚ ਭਵਿੱਖ ਦਾ ਮਹਾਰਾਜਾ, ਜੋ ਉਸਦੀ ਜਾਇਦਾਦ ਦੀ ਦੇਖਭਾਲ ਕਰਦਾ ਸੀ, ਸੋਨੇ ਅਤੇ ਚਾਂਦੀ ਦੇ ਗੱਡੇ ਲੈ ਕੇ ਕਿਲ੍ਹੇ ਤੋਂ ਭੱਜ ਗਿਆ।

ਧਿਆਨ ਸਿੰਘ ਨੇ ਮਹਾਰਾਣੀ ਦੀਆਂ ਭਰੋਸੇਮੰਦ ਨੌਕਰਾਣੀਆਂ ਦੀ ਥਾਂ ਆਪਣੀਆਂ ਪਹਾੜੀ ਔਰਤਾਂ ਨੂੰ ਰੱਖ ਲਿਆ, ਜਿਨ੍ਹਾਂ ਨੂੰ ਮਹਾਰਾਣੀ ਚੰਦ ਕੌਰ ਨੂੰ ਜ਼ਹਿਰ ਦੇਣ ਦਾ ਨਿਰਦੇਸ਼ ਦਿੱਤਾ। ਇਹ ਕੋਸ਼ਿਸ਼ ਅਸਫਲ ਰਹੀ ਤਾਂ 11 ਜੂਨ 1842 ਰਸੋਈ ਵਿੱਚੋਂ ਲੱਕੜ ਦੇ ਟੋਟਿਆਂ ਨਾਲ ਮਹਾਰਾਣੀ ਦਾ ਸਿਰ ਪਾੜ ਦਿੱਤਾ (ਕੁਝ ਰਿਪੋਰਟਾਂ ਅਨੁਸਾਰ ਉਨ੍ਹਾਂ ਨੇ ਬਾਲਕੋਨੀ ਤੋਂ ਸੁੱਟੇ ਇੱਕ ਪੱਥਰ ਨਾਲ ਉਸਦੀ ਖੋਪੜੀ ਕੁਚਲ ਦਿਤੀ)।
ਧਿਆਨ ਸਿੰਘ ਡੋਗਰੇ ਨੇ ਮਹਾਰਾਣੀ ਚੰਦ ਕੌਰ ਨੂੰ ਮਾਰਨ ਵਾਲੀਆਂ ਨੌਕਰਾਣੀਆਂ ਦੀਆਂ ਜੀਭਾਂ ਕੱਟਵਾ ਦਿੱਤੀਆਂ। ਪਰ ਇਹ ਮਹਿਸੂਸ ਕਰਦੇ ਹੋਏ ਕਿ ਉਸਦੇ ਕੰਮਾਂ ਬਾਰੇ ਦੱਸਣ ਦੇ ਹੋਰ ਤਰੀਕੇ ਹਨ ਅਤੇ ਆਪਣੀਆਂ ਜੀਭਾਂ ਗੁਆਉਣ ਦਾ ਗੁੱਸਾ ਉਨ੍ਹਾਂ ਨੂੰ ਅਜਿਹਾ ਕਰਨ ਲਈ ਪ੍ਰੇਰਿਤ ਕਰ ਸਕਦਾ ਹੈ, ਧਿਆਨ ਸਿੰਘ ਨੇ ਉਨ੍ਹਾਂ ਨੂੰ ਫਾਂਸੀ ਦੇ ਦਿੱਤੀ।

## ਮਹਾਰਾਣੀ ਚੰਦ ਕੌਰ ਦੀ ਵਿਰਾਸਤ

ਮਹਾਰਾਣੀ ਚੰਦ ਕੌਰ ਨੇ ਲੀਡਰਸ਼ਿਪ ਪ੍ਰਤੀ ਇੱਕ ਅਸਾਧਾਰਨ ਅਤੇ ਦਲੇਰਾਨਾ ਪਹੁੰਚ ਅਪਣਾਈ ਸੀ। ਸਮੇਂ ਦੀਆਂ ਰਵਾਇਤਾਂ ਦੇ ਉਲਟ, ਉਸਨੇ ਆਪਣਾ ਪਰਦਾ ਉਤਾਰਿਆ, ਪੱਗ ਅਤੇ ਸ਼ਾਹੀ ਪਹਿਰਾਵਾ ਪਹਿਨਿਆ, ਅਤੇ ਆਪਣੇ ਅਧਿਕਾਰ ਨੂੰ ਜਤਾਉਣ ਲਈ ਨਿੱਜੀ ਤੌਰ ਤੇ ਫੌਜੀ ਪਰੇਡਾਂ ਦਾ ਨਿਰੀਖਣ ਕੀਤਾ। ਉਸਨੇ ਮਸ਼ਹੂਰ ਐਲਾਨ ਕੀਤਾ, "ਮੈਨੂੰ ਇੰਗਲੈਂਡ ਵਿੱਚ ਰਾਣੀ ਵਿਕਟੋਰੀਆ ਵਾਂਗ ਰਾਜ ਕਿਉਂ ਨਹੀਂ ਕਰਨਾ ਚਾਹੀਦਾ?"

ਮਹਾਰਾਣੀ ਚੰਦ ਕੌਰ ਸਿੱਖ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਅਤੇ ਦਲੇਰ ਰੀਜੈਂਟ ਸੀ, ਜਿਸਨੂੰ ਇੱਕ ਉਥਲ-ਪੁਥਲ ਵਾਲੇ ਸਮੇਂ ਸਿੱਖ ਸਾਮਰਾਜ ਵਿਚ ਆਪਣੀ ਭੂਮਿਕਾ ਲਈ ਜਾਣਿਆ ਜਾਂਦਾ ਸੀ। ਉਸਦੇ ਕੰਮਾਂ ਨੇ ਸਾਮਰਾਜ ਉੱਤੇ ਰਾਜ ਕਰਨ ਅਤੇ ਆਪਣੇ ਪਰਿਵਾਰ ਦੇ ਨਿਯੰਤਰਣ ਨੂੰ ਬਣਾਈ ਰੱਖਣ ਦੇ ਉਸਦੇ ਦ੍ਰਿੜ ਇਰਾਦੇ ਨੂੰ ਦਰਸਾਇਆ। ਉਸਦਾ ਜੀਵਨ ਨਿੱਜੀ ਦੁਖਾਂਤਾਂ, ਰਾਜਨੀਤਿਕ ਚੁਣੌਤੀਆਂ ਅਤੇ ਆਪਣੇ ਪਰਿਵਾਰ ਦੀ ਵਿਰਾਸਤ ਪ੍ਰਤੀ ਦ੍ਰਿੜ ਵਚਨਬੱਧਤਾ ਨਾਲ ਭਰਿਆ ਰਿਹਾ। ਕਈ ਵਿਸ਼ਵਾਸਘਾਤਾਂ ਅਤੇ ਭਾਰੀ ਨਿੱਜੀ ਨੁਕਸਾਨਾਂ ਦਾ ਸਾਹਮਣਾ ਕਰਨ ਦੇ ਬਾਵਜੂਦ, ਉਸਨੇ ਆਪਣੇ ਪਰਿਵਾਰ ਦੀ ਵਿਰਾਸਤ ਨੂੰ ਬਰਕਰਾਰ ਰੱਖਣ ਲਈ ਲੜਾਈ ਲੜੀ। ਆਪਣੇ ਪਤੀ ਅਤੇ ਪੁੱਤਰ ਨੂੰ ਗੁਆਉਣ ਦੇ ਬਾਵਜੂਦ, ਉਸਨੇ ਆਪਣੇ ਪਰਿਵਾਰ ਦੀ ਵਿਰਾਸਤ ਦੀ ਰੱਖਿਆ ਲਈ ਸ਼ਾਸਨ ਵਿੱਚ ਸਰਗਰਮ ਭੂਮਿਕਾ ਨਿਭਾਈ। ਹਾਲਾਂਕਿ, ਬਦਲਦੇ ਰਾਜਨੀਤਿਕ ਦ੍ਰਿਸ਼ ਅਤੇ ਵਿਸ਼ਵਾਸਘਾਤ ਉਸਦੀ ਦੁਖਦਾਈ ਹੱਤਿਆ ਦਾ ਕਾਰਨ ਬਣੇ।

ਮਹਾਰਾਣੀ ਚੰਦ ਕੌਰ ਦੀ ਕਹਾਣੀ ਸਾਮਰਾਜ ਦੇ ਆਖਰੀ ਸਾਲਾਂ ਦੌਰਾਨ ਸਿੱਖ ਰਾਜਸ਼ਾਹੀ ਨੂੰ ਦਰਪੇਸ਼ ਚੁਣੌਤੀਆਂ ਦੀ ਯਾਦ ਦਿਵਾਉਂਦੀ ਹੈ। ਉਸਦਾ ਜੀਵਨ ਅਤੇ ਦੁਖਦਾਈ ਅੰਤ ਉਹਨਾਂ ਤੀਬਰ ਸ਼ਕਤੀ ਸੰਘਰਸ਼ਾਂ ਨੂੰ ਉਜਾਗਰ ਕਰਦਾ ਹੈ ਜਿਨ੍ਹਾਂ ਨੇ ਸਿੱਖ ਸਾਮਰਾਜ ਦੇ ਪਤਨ ਵਿੱਚ ਕੋਜੀ ਭੂਮਿਕਾ ਨਿਭਾਈ। ਉਸਦਾ ਜੀਵਨ ਸਾਮਰਾਜ ਦੇ ਆਖਰੀ ਸਾਲਾਂ ਵਿੱਚ ਸਿੱਖ ਸ਼ਾਸਕਾਂ ਦੁਆਰਾ ਦਰਪੇਸ਼ ਚੁਣੌਤੀਆਂ ਅਤੇ ਇੱਕ ਦ੍ਰਿੜ ਇਰਾਦੇ ਨੂੰ ਦਰਸਾਉਂਦਾ ਹੈ, ਜਿਸਨੇ ਆਸਾਨੀ ਨਾਲ ਸਮਰਪਣ ਕਰਨ ਤੋਂ ਇਨਕਾਰ ਕਰ ਦਿੱਤਾ।

**ਯਾਦਗਾਰਾਂ**

ਮਹਾਰਾਣੀ ਚੰਦ ਕੌਰ ਦੀ ਸਮਾਧ ਲਾਹੌਰ ਦੇ ਸਿਵਲ ਲਾਈਨਜ਼ ਵਿਖੇ ਇਸਲਾਮੀਆ ਕਾਲਜ ਦੇ ਮੈਦਾਨ ਵਿੱਚ ਹੈ, ਅਤੇ ਦੱਖਣ ਵਿੱਚ ਖੜਕ ਸਿੰਘ ਦੀ ਮਾਂ ਮਹਾਰਾਣੀ ਦਾਤਾਰ ਕੌਰ ਦੀ ਸਮਾਧ ਹੈ। ਦੋਵਾਂ ਮਹਾਰਾਣੀਆਂ ਦੀਆਂ ਸਮਾਧਾਂ ਦੇ ਵਿਚਕਾਰ ਨੌਨਿਹਾਲ ਸਿੰਘ ਦੀ ਪਤਨੀ ਦੀ ਛੋਟੀ ਸਮਾਧ ਹੈ। ਉਸਦੇ ਸਨਮਾਨ ਵਿੱਚ ਇਕ ਸਮਾਰਕ ਜੰਮੂ ਵਿੱਚ ਗੁਮਤ ਦੇ ਨੇੜੇ ਹੈ, ਜਿੱਥੇ ਇੱਕ ਗੁਰਦੁਆਰਾ ਮਹਾਰਾਣੀ ਚੰਦ ਕੌਰ ਵਜੋਂ ਜਾਣਿਆ ਜਾਂਦਾ ਹੈ।


**ਸਰੋਤ**

ਭਗਤ ਸਿੰਘ. 'ਚੰਦ ਕੌਰ'; ਐਮ ਐਲ ਆਹਲੂਵਾਲੀਆ. 'ਖੜਕ ਸਿੰਘ ਮਹਾਰਾਜਾ 1801-1841'; ਸਰਦਾਰ ਸਿੰਘ ਭਾਟੀਆ. 'ਨੌਨਿਹਾਲ ਸਿੰਘ ਕੰਵਰ 1821-1840' ਐਨਸਾਈਕਲੋਪੀਡੀਆ ਔਫ ਸਿਖਿਜ਼ਮ.

ਖੁਸ਼ਵੰਤ ਸਿੰਘ ਦੀ ਪੁਸਤਕ 'ਏ ਹਿਸਟਰੀ ਔਫ ਸਿੱਖਸ, ਵੌਲੀਅਮ 2: 1839-2004'



**ਗੁਰਦਵਾਰਾ ਮਹਾਰਾਣੀ ਚੰਦ ਕੌਰ, ਜੰਮੂ**




**Walking with Sikhs of Today (by Dr Sardar Sukhmander Singh -Amazon.com) ਦਾ ਸਰਦਾਰ ਜਸਵਿੰਦਰ ਸਿੰਘ ਰੁਪਾਲ ਵਲੋਂ ਕੀਤਾ ਪੰਜਾਬੀ ਅਨੁਵਾਦ (ਅਜੋਕੇ ਸਿੱਖ ਦਸ਼ਾ ਅਤੇ ਦਿਸ਼ਾ - Sanbun)।**

# ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

## Editorial Board (*Sanjhi Virasat*)


| | |
|---|---|
| ਡਾ. ਸਰਦਾਰ ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਸਰਦਾਰ ਜਸਵਿੰਦਰ ਸਿੰਘ ਰੁਪਾਲ | ਕੈਲਗਰੀ (ਕੈਨੇਡਾ) |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਸਰਦਾਰ ਰਾਜਬੀਰ ਸਿੰਘ ਭੱਟੀ (ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |
| ਡਾ. ਸਰਦਾਰ ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |


### ਸਲਾਹਕਾਰ


| | |
|---|---|
| ਡਾ. ਸਰਦਾਰ ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਸਰਦਾਰ ਦੇਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਸਰਦਾਰ ਦੇਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਸਰਦਾਰ ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| ਸ੍ਰ. ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

## ਐਡੀਟੋਰੀਅਲ ਬੋਰਡ



ਡਾ. ਰਾਜਾ ਬਲਰਾਜ ਸਿੰਘ



ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਕਾਬਲ ਸਿੰਘ



ਡਾ. ਬਲਦੇਵ ਸਿੰਘ



ਸ੍ਰ. ਜਗਬੀਰ ਸਿੰਘ ਕੋਹਲੀ



ਸ੍ਰ. ਪਰਮਜੀਤ ਸਿੰਘ



ਸ੍ਰ. ਜਸਵਿੰਦਰ ਸਿੰਘ ਰੁਪਾਲ



ਸ੍ਰ. ਉਂਕਾਰ ਸਿੰਘ ਟਿਵਾਣਾ



ਡਾ. ਰਾਜਬੀਰ ਸਿੰਘ ਭੱਟੀ



ਸ੍ਰ. ਯੁਵਰਾਜ ਸਿੰਘ



ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਲ ਕੌਰ



ਰਿਸ਼ੀ ਨਾਗਰ



ਰਣਸ਼ੇਰ ਰਾਜ ਸਿੰਘ
ਤਕਨੀਕੀ ਸਹਾਇਕ

# Japji Sahib AI Agent

**Using AI to connect Sikh youth with Gurbani**

**Sanjhi Virasat** is excited to introduce the **first-ever** AI agent crafted to enrich your journey through the profound teachings of the Japji Sahib. This groundbreaking app invites users to explore the spiritual insights and intricate meanings within this sacred text, opening up a world of understanding and inspiration that extends beyond mere reading.

By tapping into advanced Artificial Intelligence models, the app transforms your individual spiritual learning journey into a dynamic experience. This innovative approach not only helps you grasp the essence of the Japji Sahib but also encourages you to reflect deeply on its teachings, fostering personal growth and enlightenment. Users can engage with the app by speaking to it.

The app is free to use and does not collect any data.

To get started on this enlightening journey and unlock the treasures of spiritual knowledge, download your free app from the App Store today. Embrace the opportunity to deepen your understanding and appreciation of this sacred scripture with the guidance of AI technology, and embark on a fulfilling path of spiritual discovery.

Sangat ji, please rate the app in the App Store so that it travels far and wide and fulfills our mission of helping Sikh youth connect to Gurbani in a meaningful way and via the use of technology and AI, two platforms that the next generation is so comfortable using. We are a voluntary set of passionate Sikhs and would appreciate your support to share the app with your friends and family.

Download on the App Store

**Prepared by _ Dr RAJBIR SINGH BHATTI (1 825 712 6055)**

**Mt Royal University, Calgary , Canada**